
# ਅਤਿਵਾਦੀ ਕੌਣ



ਦਰਸ਼ਨ ਸਿੰਘ

www.punjabilibrary.com

# ਅਤਿਵਾਦੀ ਕੌਣ ?

ਦਰਸ਼ਨ ਸਿੰਘ

www.punjabilibrary.com

ਤਰੋਂ ਨਿਰਣੀਅ

# Atvadi Kaun

*by*


**Darshan Singh**

House No. 1698, Phase-7

Sector-61, S.A.S. Nagar, Mohali

Ph. 0172-2265436



2009

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219



*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਉਹਨਾਂ ਮੋਇਆਂ ਨੂੰ ਜਿਨ੍ਹਾਂ ਦਾ ਨਾਮ ਲੈਣਾ
ਤਸ਼ੱਦਦ ਉੱਪਰ ਤਸ਼ੱਦਦ ਝੱਲਣਾ ਪੈ ਸਕਦਾ ਹੈ।
ਉਹਨਾਂ ਸੋਇਆਂ ਨੂੰ ਜਿਨ੍ਹਾਂ ਦਾ ਗੌਰਵ
ਰੁੜ੍ਹਣ ਕਿਨਾਰੇ ਖੜ੍ਹਾ ਹੈ।
ਉਹਨਾਂ ਕੋਹਿਆਂ ਨੂੰ ਜਿਨ੍ਹਾਂ ਦਾ ਸੀਨਾ
ਜਰਬ ਲੁਕੋਈ ਬੈਠਾ ਹੈ।
ਉਨ੍ਹਾਂ ਰੋਇਆਂ ਨੂੰ ਜਿਨ੍ਹਾਂ ਦਾ ਦਿਲ
ਕਸੀਸ ਵਟੀ ਝੂਰਦਾ ਹੈ।
ਉਨ੍ਹਾਂ ਲੁਕੋਇਆਂ ਨੂੰ ਜਿਨ੍ਹਾਂ ਦਾ ਪਸੀਨਾ
ਲਹੂ ਦੇ ਥਾਂ ਵਗਦਾ ਹੈ।
ਉਨ੍ਹਾਂ ਵਰੋਸੋਇਆਂ ਨੂੰ ਜਿਨ੍ਹਾਂ ਦੀ ਅਣਖ
ਮੈਲੀ ਚਾਦਰ ਥੱਲੇ ਦਬੀ ਪਈ ਹੈ।
ਉਨ੍ਹਾਂ ਨਸ਼ੋਇਆਂ ਨੂੰ ਜਿਨ੍ਹਾਂ
ਸ਼ਰਮ ਪਿਆਲੇ ਪੀਤੀ ਹੈ।
ਉਨ੍ਹਾਂ ਭੋਲਿਆਂ ਨੂੰ ਉਨ੍ਹਾਂ ਰੋਲਿਆਂ ਨੂੰ
ਜਿਨ੍ਹਾਂ ਜਿੰਦ ਪੰਥ ਸਿਰ ਲਾਈ ਹੈ।
ਉਨ੍ਹਾਂ ਪੰਥ ਹਿਤੈਸ਼ੀ ਬੱਚਿਆਂ ਨੂੰ
ਜਿਨ੍ਹਾਂ ਅਣਜਾਣਪੁਣੇ ਵਿੱਚ ਜਿੰਦ ਗਵਾਈ ਹੈ।

ਉਨ੍ਹਾਂ ਪੰਥ ਆਗੂਆਂ ਲਾਹਨਤ ਹੈ
ਜਿਨ੍ਹਾਂ ਰੋਟੀਆਂ ਖਾਤਰ ਅਣਖ ਗਵਾਈ ਹੈ।
ਮੈਂ ਝੂਰ ਝੂਰ ਕੇ ਲਿਖਿਆ ਹੈ,
ਸੱਚ ਲਿਖਣੋ ਕੰਨੀ ਕਤਰਾਈ ਹੈ।
'ਖਾੜਕੂਵਾਦ' ਹੈ ਜੀਵਨ ਜਿਉਣੇ ਦਾ,
ਰਾਜਨੀਤੀ ਝੂਠ ਕਮਾਈ ਹੈ।
ਮੇਰੀ ਕਲਮ ਇਸ਼ਾਰੇ ਕਰਦੀ ਹੈ,
ਅਤਿਵਾਦੀ ਬਣਤ ਬਣਾਈ ਹੈ।
ਜਿੱਥੇ ਸੱਚ ਕਿਨਾਰੇ ਬੈਠ ਗਿਆ,
ਉੱਥੇ ਕੂੜ ਪ੍ਰਧਾਨੀ ਪਾਈ ਹੈ।
ਵਦੀ ਸੁ ਵਜਗਿ ਨਾਨਕਾ
ਸਚ ਸਚੀਂ ਰੁਸ਼ਨਾਈ ਹੈ ।
ਸੱਚ ਮਨਸੂਰ ਤੋਂ ਘੱਟ ਫਾਂਸੀ ਨਹੀਂ,
ਝੂਠ ਲਿਖਣਾ ਸੱਚ ਦਨਾਈ ਹੈ।
ਕੂੜੋਂ ਕੂੜ ਸੱਚ ਛਾਨਣਾ,
ਮੈਨੂੰ ਲਿਖਣਾ ਹੋਰ ਮਨਾਹੀ ਹੈ।
ਮੈਨੂੰ ਲਿਖਣਾ ਹੋਰ ਮਨਾਹੀ ਹੈ।

# ਮੁੱਖ ਬੰਦ

ਹਾਅ ਦਾ ਹਉਕਾ ਮਾਰਕੇ ਲਿਖਣਾ ਮੇਰੇ ਵਾਸਤੇ ਲਿਖਣ ਦਾ ਚਾਅ ਨਹੀਂ, ਸ਼ੌਂਕ ਨਹੀਂ, ਕਿੱਤਾ ਨਹੀਂ, ਮਹਿਫਲਾਂ ਵਿੱਚ ਕਹਾਣੀਆਂ ਸੁਣਾਉਣੀਆਂ ਕੋਈ ਦਿਲੋਂ ਸਿਕ ਨਹੀਂ, ਨਾ ਹੀ ਕਿਸੇ ਵਡੱਤਣ ਦੀ ਲੋੜ ਹੈ। ਮੇਰੀ ਨਿਗਾਹ ਵਿੱਚ ਆਏ ਵਾਕਿਆ ਜਾਂ ਲੋਕਾਂ ਤੋਂ ਜੋ ਚੋਰੀ ਵਾਪਰਦਾ ਹੈ, ਜਾਂ ਜਿਸਤੋਂ ਆਮ ਲੋਕ ਅਣਜਾਣ, ਅਣਭਿੱਜ ਹੁੰਦੇ ਹਨ, ਉਸਨੂੰ ਲੋਕਾਂ ਲਈ, ਲੋਕਾਂ ਕੋਲ ਪੇਸ਼ ਕਰਨੋਂ ਮੈਥੋਂ ਰਿਹਾ ਨਹੀਂ ਗਿਆ, ਰਿਹਾ ਨਹੀਂ ਜਾਂਦਾ। ਸੱਚ ਇਹ ਹੈ ਕਿ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" ਨੂੰ ਉਜਾਗਰ ਕਰਨ ਲਈ ਪ੍ਰਬੰਧਕੀ ਢਾਂਚੇ ਵਿੱਚ ਦੋਸ਼ੀ ਬਣਨਾ ਕਬੂਲਣਾ ਪੈਂਦਾ ਹੈ।

੨. ਨਿੱਕੇ ਹੁੰਦਿਆਂ ਫਸਾਦ ਸੁਣੇ ਸਨ। 'ਗੁਲਾਬੇ, ਛੀਦੇ ਅਤੇ ਅਲੀ ਨੇ ਇੱਥੋਂ ਚਲੇ ਜਾਣਾ ਹੈ। ਇਹ ਕਹਿੰਦਿਆਂ-ਕਹਿੰਦਿਆਂ ਬੁੜ੍ਹੀਆਂ ਅੱਖਾਂ ਸੇਜ਼ਲ ਕਰਦੀਆਂ। "ਭੈਣੇ ਸਾਰੇ ਰਾਂਈਆਂ ਨੇ ਚਲੇ ਜਾਣਾ ਹੈ।" "ਕਿੱਥੇ?" "ਰੱਬ ਜਾਣੇ" ਫਸਾਦ ਦੇਖੇ ਨਹੀਂ ਸੁਣੇ ਸਨ। ਛੋਟੀ ਉਮਰ ਸੀ, ਬੇਸਮਝੀ ਸੀ। ਜਾਣ ਲੱਗਿਆਂ ਅਰਾਈਆਂ, ਭਰਾਈਆਂ, ਤਰਖਾਣਾ, ਲੁਹਾਰਾਂ, ਸ਼ੇਖਾਂ, ਤੇਲੀਆਂ, ਪਠਾਣਾਂ ਦੀਆਂ ਬਹੂ-ਬੇਟੀਆਂ, ਤ੍ਰੀਮਤਾਂ, ਬੁੜ੍ਹੀਆਂ ਨੇ ਆਹਾਂ ਮਾਰੀਆਂ, ਧਾਂਈ ਰੋਈਆਂ। ਸਾਡੀਆਂ ਚਾਚੀਆਂ, ਤਾਈਆਂ, ਮਾਈਆਂ ਵੀ ਗਲ ਲਗ-ਲਗ ਕੇ ਰੋਈਆਂ। "ਹਾਏ-ਹਾਏ ਜਨਾਹ ਬੇਈਮਾਨਾ" ਪਿੱਟਦੀਆਂ ਸੁਣੀਆਂ। ਨੌਜਵਾਨ ਤਕੜਿਆਂ ਬੰਦਿਆਂ ਨੇ ਗੱਡੇ ਜੋੜੇ, ਅੰਨਦਾਣਾ, ਕਪੜੇ ਲੀੜੇ ਲੱਦੇ, ਬੱਚਿਆਂ ਤੇਂ ਬੀਬੀਆਂ ਨੂੰ ਗੱਡਿਆਂ ਤੇ ਬਿਠਾਇਆ। ਕਿਰਪਾਨਾਂ, ਜੂੰਗਲੇ ਤੇ ਲਟਕਾ ਕੇ ਮੁਸਲਮਾਨ ਭਰਾਵਾਂ ਨੂੰ ਕੈਂਪ ਵਿੱਚ ਛੱਡਣ ਲਈ ਤੁਰ ਪਏ। ਛੱਡ ਆਏ ਅਣਜਾਣ ਤੇ ਦੇਸ਼ ਪਰਾਏ ਲਈ ਆਪਣੇ ਹਮਜੋਲੀਆਂ ਨੂੰ, ਜਿਗਰੀ ਯਾਰਾਂ ਨੂੰ।



www.punjabilibrary.com 

੩. ਗੁਲਾਮ ਮੁਲਖ ਅਜ਼ਾਦ ਹੋਇਆ। ਗੁਲਾਮ ਕਿਸੇ ਅਸੂਲ ਵਿੱਚ ਬੱਝਾ ਹੋਇਆ ਸੀ। ਅਜ਼ਾਦ ਬੇਲਗਾਮ ਹੋ ਗਿਆ। ਕਦੇ ਹੈਦਰਾਬਾਦ ਦੇ ਰੌਲੇ ਰੱਪੇ, ਕਦੇ ਕਸ਼ਮੀਰ, ਕਦੇ ਕੱਛ ਦੀ ਲੜਾਈ, ਕਦੇ ਗੋਆਂ ਫੌਜਾਂ, ਕਦੇ ਪੰਜਾਬ ਵਿੱਚ ਕੱਟ-ਵੱਢ, ਕਦੇ ਬੰਗਾਲ ਵਿੱਚ ਦੰਗੇ, ਕਦੇ ਖੁਸ਼ ਹੈਸੀਅਤ ਕਰ ਦੀ ਵੰਗਾਰ, ਕਦੇ ਬੋਲੀਆਂ ਦਾ ਵਟਾਂਦਰਾ। ਜੇ ਨੀਰੋ ਹੋਵੇ ਤਾਂ ਬੰਸਰੀ ਵਜਾਈ ਜਾਵੇ। ਸੋਚ ਵਾਲੇ ਨੂੰ ਵੀਹ ਸ਼ਿਆਪੇ। ਜਦੋਂ ਪਾਕਿਸਤਾਨ ਬਣਿਆ, ਗੁਲਾਬੇ, ਛੀਦੇ ਅਤੇ ਅਲੀ ਲਈ ਜਲੀਲ-ਸਥਾਨ ਪ੍ਰਗਟ ਹੋ ਗਿਆ। ਪੰਜਾਬ ਵੀ ਬੰਗਾਲ ਵਾਂਗ ਵੰਡਿਆ ਗਿਆ। ਵੰਡੇ ਗਏ ਰਿਸ਼ਤੇ, ਗੰਢ-ਤੁਪਾਂ, ਸਾਂਝਾਂ, ਆਤਮਾਵਾਂ ਰੂਹ ਦੇ ਰਿਸ਼ਤੇ, ਮਨੁਖਤਾ ਦਾ ਘਾਣ ਕਰਕੇ, ਕਰਵਾ ਕੇ ਸਭ ਦਾ ਬਾਪੂ ਬਣ ਸਕਦਾ ਹੈ, ਸ਼ਰਤ ਲਗਦੀ ਹੈ ਕਿ ਚਮਚਾਗਿਰੀ ਦੀ ਪਹਿਲਾਂ ਨਗਰੀ ਵਸਾਈ ਜਾਵੇ, ਹਰ ਹੁੱਨਰ ਦਾ ਚਮਚਾ ਉਥੋਂ ਲੈਕੇ ਦੇਸ ਤੇ ਦੇਸ ਪਿਆਰ ਦਾ ਬੂਟਾ ਪਾਲਿਆ ਜਾਵੇ ਤਾਂ ਹੀ ਮੇਰੇ ਮਜ਼ਬੂਨ ਦਾ ਮਾਦਾ ਸੰਭਾਲਿਆ ਜਾ ਸਕਦਾ ਹੈ।

੪. ਪਿੰਡ ਧੰਨੂਵਾਲਾ ਚੱਕ ਨੰ: ਛੱਬੀ: ਮੁਖਤਿਆਰ ਸਿੰਘ, ਸੂਬੇਦਾਰ ਬਚਨ ਸਿੰਘ, ਦਿਲਬਾਗ ਸਿੰਘ, ਅਤਰ ਕੌਰ ਤੇ ਗੁਰਬਖਸ਼ ਕੌਰ ਆਪੋ ਆਪਣਾ ਸਮਾਨ ਬੰਨ ਰਹੇ ਹਨ। ਮਾਝੇ ਮਾਲਵੇ ਦੇ ਪਿਛਲੇਰੇ ਪਿੰਡਾਂ ਦੀ ਤਿਆਰੀ। ਸ਼ੇਰ ਮੁਹੰਮਦ, ਨਗਾਮਦ, ਰਕਮਨ ਸਭ ਫਿਕਰਮੰਦ ਹਨ ਕਿ ਸਾਡੇ ਕੋਲੋਂ ਸਰਦਾਰ ਵਿਛੜ ਰਹੇ ਹਨ। ਕਾਫਲਾ ਤੁਰਨ ਲੱਗਾ। ਸ਼ੇਰ ਮੁਹੰਮਦ ਤੇ ਨਗਾਮਦ ਆਪੋ ਆਪਣੀ ਘੋੜੀ ਤੇ ਸਵਾਰ ਅਤੇ ਤੀਸਰੀ ਘੋੜੀ ਪਿੱਛੇ ਬੰਨੀ ਸਮਾਨ ਨਾਲ ਲੱਦੀ ਆਏ। ਸੇਜਲ ਅੱਖਾਂ ਨਾਲ ਵਿਦਾਇਗੀ। ਵੀਹ ਪੱਚੀ ਗੱਡੇ ਗੱਡੀਆਂ ਤਿਆਰ। ਸ਼ੇਰ ਮੁਹੰਮਦ ਨੇ ਆਪਣੇ ਵੀਰਾਂ ਨੂੰ ਦੋ ਘੋੜੀਆਂ ਦਿੰਦਿਆਂ ਹੋਇਆਂ ਵੱਧ ਘੱਟ ਬੋਲਣ ਦੀ ਮਾਫੀ ਮੰਗੀ। ਸਾਰਾ ਕਾਫਲਾ ਰੋ ਪਿਆ। ਮੁਹੱਬਤ ਦੀਆਂ ਗੰਢਾਂ ਨੂੰ ਜਰਵਾਣਿਆਂ ਨੇ ਬੜੀ ਵਾਰੀ ਖੋਲਿਆ-ਹੋੜਿਆ ਪਰ ਇਹ ਗਲਵਕੜੀ ਮੁੜ ਪੈ ਹੀ ਜਾਂਦੀ ਹੈ। ਕਾਫਲਾ ਤ੍ਰਿਕੋਣੀ ਨਹਿਰ ਦੇ ਪੁਲ ਨੂੰ ਪਾਰ ਕਰ ਰਿਹਾ ਹੈ। ਸੂਬੇਦਾਰ ਨੂਰ ਮੁਹੰਮਦ ਵੀ ਆਪਣੀ ਢਾਣੀ ਨਾਲ ਕਾਫਲੇ ਨੂੰ ਕਤਲ ਕਰਨ

ਲਈ ਨਿਸ਼ਾਨੇ ਤੇ ਖੜਾ ਹੈ। ਢਾਣੀ ਵਿੱਚੋਂ ਕਿਸੇ ਨੇ ਆਖਿਆ ਸੂਬੇਦਾਰ ਜੀ ਪਹਿਲਾਂ ਪਛਾਣ ਕਰ ਲੈ। ਨੂਰ ਮੁਹੰਮਦ ਵੀਹ ਕੁ ਕਦਮ ਅੱਗੇ ਵਧਿਆ ਤਾਂ ਸੂਬੇਦਾਰ ਬਚਨ ਸਿੰਘ ਝੱਟ ਕਹਿ ਗਿਆ, "ਨੂਰਿਆ ਸੂਬੇਦਾਰੀ ਦੀ ਨਿਸ਼ਾਨੀ ਲਿਆਂਇਐ, ਦੇਖ ਸ਼ੇਰ ਮੁਹੰਮਦ ਦਾ ਤੋਹਫਾ-ਘੋੜੀ। ਵੀਰ ਤੇਰਾ ਛੱਡ ਚੱਲਿਆ ਕੀਤੀਆਂ ਰੌਣੀਆਂ ਨੂੰ।" ਸੂਬੇਦਾਰ ਨੂਰ ਮੁਹੰਮਦ ਘੋੜੇ ਤੋਂ ਉੱਤਰ ਕੇ ਗਲ ਲਗਿਆ। ਧਾਈਂ ਰੋਇਆ। "ਘਰੋਂ ਤੁਰੇ ਸੀ ਕਾਫਲਾ ਲੁੱਟਣੇ ਨੂੰ, ਬਚਨਿਆ ਤੇਰੀ ਵਾਜ ਨੇ ਠਾਰ ਦਿਤਾ", ਸੂਬੇਦਾਰ ਨੂਰ ਮੁਹੰਮਦ ਦੇ ਮੂੰਹੋਂ ਨਿਕਲਿਆ। (ਇਹ ਸੀ ਮੇਰੀ ਉਮਰ ਦੇ ਪਹਿਲੇ ਦਹਾਕੇ ਦੇ ਚਿੰਨ)

**੫.** ਦੂਸਰੇ ਦਹਾਕੇ ਪੜ੍ਹਨੇ ਪੈਣਾ। ਅਧਿਆਪਕਾਵਾਂ, ਪ੍ਰਬੰਧਕਾਂ, ਵਿਦਿਆਰਥੀਆਂ, ਜਮਾਤੀਆਂ, ਸਜਣਾ ਮਿੱਤਰਾਂ, ਧਾਰਮਿਕ ਅਕੀਦਿਆਂ ਨੂੰ ਮੰਨਣਾ। ਪੜ੍ਹਨ ਜਾਣਾ ਕੋਈ ਨਿਸ਼ਾਨਾ ਨਹੀਂ। ਪੜ੍ਹਾਈ ਸੁਭਾਅ, ਸਿਖਿਆ ਸੁਭਾਅ। ਵਿਦਿਆਰਥੀਆਂ ਵਿੱਚ ਖਿਚੋਤਾਣ, ਤਕੜੇ ਨੇ ਮਾੜੇ ਨੂੰ ਮਾਰਨਾ, ਮਾੜੇ ਨੇ ਜਿੱਦ ਰੱਖਣੀ, ਕਈਆਂ ਨੇ ਡਰ ਜਾਣਾ, ਈਨ ਮੰਨ ਲੈਣੀ, ਕਈਆਂ ਦੀ ਸਾਂਝ ਹੀ ਇਸੇ ਕਰਕੇ ਪੈਣੀ ਕਿ ਮੇਰੀ ਢਾਣੀ ਤਕੜੀ ਹੈ, ਮੇਰਾ ਹਮਜੋਲੀ ਤਕੜਾ ਹੈ। ਉਧਰ ਬੱਸਾਂ ਅੰਦਰੋਂ ਬਾਹਰੋਂ ਲੱਦੀਆਂ, ਰੇਲ ਗਡੀਆਂ ਵਿੱਚ ਦੁਸਹਿਰੇ ਵਾਂਗ ਭਰਿਓ ਬੰਦੇ । ਕਦੇ ਮਹਾਂ ਪੰਜਾਬ, ਕਦੇ ਪੰਜਾਬੀ ਸੂਬਾ, ਕਦੇ ਉਰਦੂ ਦੇ ਮੁਜਾਹਰੇ, ਕਦੇ ਲਾਲ ਝੰਡਾ ਚੁੱਕੀ ਫਿਰਦੇ, ਕਈ ਤਿਰੰਗੇ ਦੇ ਸੁਦਾਈ - ਬਾਪੂ ਦੇ ਚਰਖੇ ਨੇ ਦੁਨੀਆਂ ਖੂਬ ਘੁੰਮਾਈ। ਛੋਟੀ ਉਮਰ ਸਭ ਸਚਾਈ। ਅਗਲੇ ਦਹਾਕੇ, ਉਚੇਰੀ ਸਿਖਿਆ - ਬਗੈਰ ਨਿਸ਼ਾਨੇ ਬਿਨਾ ਮਨੋਰਥ। ਜਿਸਨੂੰ ਸੁਣੋ ਉਹੀ ਸੱਚਾ। ਕਿਤੇ ਭਾਸ਼ਣ, ਕਿਤੇ ਉਦਘਾਟਨ, ਕਿਤੇ ਗੁਲਾਮੀਂ ਦੀਆਂ ਜ਼ੰਜ਼ੀਰਾਂ ਪੁੱਟਣ ਦੇ ਜ਼ਸ਼ਨ, ਕਿਤੇ ਬਰਾਬਰੀ ਦੀ ਤਕਰੀਰ, ਕਿਤੇ ਖੁਸ਼ਹਾਲ ਮੁਲਕ ਬਣਾਉਣ ਦੇ ਝਾਂਸੇ, ਕਿਤੇ ਗਰੀਬੀ ਜੜ੍ਹੋਂ ਪੁਟਣ ਦੀਆਂ ਅਜੀਬ ਕਹਾਣੀਆਂ, ਕਿਤੇ ਨਹਿਰਾਂ ਦੇ ਗੀਤ ਕਿਤੇ ਰੇਲਾਂ ਦੇ ਜਾਲ। ਕਿਤੇ ਤਾਰਿਆਂ ਤੱਕ ਅਪੜਨ ਦੇ ਲਾਰੇ। ਇਕੱਲੇ ਸਬਜ਼ ਬਾਗ ਹੀ ਨਹੀਂ ਸਗੋਂ ਪਰਦੇ ਉਤੇ

ਫੁਲ ਫਲ ਵੀ ਲਗੇ ਦਿਖਾਏ ਜਾਂਦੇ। ਸਾਡੇ ਰਾਜ ਵਿੱਚ ਕੋਈ ਵਿਹਲਾ ਨਹੀਂ ਦਿਸੇਗਾ।

੬.ਜੀਵਨ ਦੇ ਚੌਥੇ ਦਹਾਕੇ ਵਿੱਚ ਭਰਮ ਟੁਟਣ ਲੱਗਾ। ਪਾਠਸ਼ਾਲਾ ਪਟਨੇ ਸ਼ਹਿਰ ਵਿੱਚ ਅਤੇ ਉਸਨੂੰ ਮਾਨਤਾ ਮਿਲੀ ਹੋਈ ਹੈ ਪੰਜਾਬ ਵਿੱਚੋਂ। ਅੱਠਵੀਂ ਦੇ ਵਿਦਿਆਰਥੀ ਦਸਵੀਂ ਦੇ ਪਰਚੇ ਚੈੱਕ ਕਰ ਰਹੇ ਹਨ। ਅੱਠਵੀਂ ਪਾਸ ਦਸਵੀਂ ਦੇ ਅਧਿਆਪਕ। ਜੇ ਚਾਰ ਜਮਾਤਾਂ ਪਾਸ ਸਿੱਖਿਆ ਮੰਤਰੀ ਬਣ ਸਕਦਾ ਹੈ ਤਾਂ ਅੱਠਵੀਂ ਪਾਸ ਨੂੰ ਦਸਵੀਂ ਪੜ੍ਹਾਉਣੀ ਕੀ ਔਖੀ ਹੈ। ਰੋਅਬ ਦੀ ਕਹਾਣੀ ਵਿੱਚ ਸਾਰੀ ਵਿਦਿਆ ਬੇ-ਮਾਅਨੇ। ਜੇ ਕੁਝ ਖੱਟਣਾ ਹੈ ਤਾਂ ਆਪਣੇ ਅਸੂਲ ਆਪ ਬਣਾਓ, ਆਪ ਤੋੜੋ, ਆਪ ਲਾਗੂ ਕਰਵਾਓ। ਹਰ ਰੋਜ਼ ਸੂਰਜ ਦੀ ਨਵੀਂ ਕਿਰਨ ਵਾਂਗ ਨਿੱਤ ਨਵੇਂ ਬਣਾਉਣੇ ਪੈਣਗੇ, ਪਿੱਛਲੱਗ ਪੁਰਾਣਿਆਂ ਦਾ ਹੋਕਾ ਦੇਈ ਜਾਣਗੇ। ਕਿਰਤ ਕਰਨਾ, ਵੰਡ ਛਕਣਾ, ਹੱਥੋਂ ਕੁਛ ਦੇਣਾ ਆਦਿ ਪੁਰਾਣੀਆਂ ਨਸੀਹਤਾਂ ਛੱਡਣੀਆਂ ਪੈਣਗੀਆਂ। ਪੰਜਵੇਂ ਦਹਾਕੇ ਦੀ ਗਲ ਬੜੀ ਪੱਧਰੀ ਹੋ ਗਈ:

**ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ॥੧॥**
**ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ॥੨॥**

ਜਿੱਥੇ ਨਿਰਧਨੁ ਸਰਧਨ ਦੀ ਈਨ ਨਹੀਂ ਮੰਨਦਾ ਤਾਂ ਉਹ ਕੁਝ ਕੁ ਅਣਖ ਰਖਦਾ ਹੈ, ਅਤਿਵਾਦੀ ਬਣਨ ਦੇ ਗੁਣ ਰੱਖ ਸਕਦਾ ਹੈ।

੭. ਉਪਰ ਲਿਖੀ ਸਾਰੀ ਵਾਰਤਾ ਛੇਵੇਂ ਦਹਾਕੇ ਤੱਕ ਆਉਂਦਿਆਂ ਇਕ ਅਜਿਹੀ ਗੁੰਝਲਦਾਰ ਤਾਣੀ ਬਣ ਗਈ ਹੈ ਕਿ ਸੱਚ ਸਪਸ਼ਟ ਕਰਨਾ ਬੇਕਾਬੂ ਹੋ ਗਿਆ। ਇਹ ਨਾਵਲ ਨੁਮਾ ਪੁਸਤਕ ਲਿਖਣ ਲਈ ਸਾਰੇ ਪਾਤਰ ਹੀ ਕਲਪਿਤ ਕਰਨੇ ਪਏ। ਜਿਥੇ ਕੋਈ ਨਾਮ ਮੇਲ ਖਾਂਦਾ ਹੋਵੇ ਤਾਂ ਇਸ ਨੂੰ ਇਤਫਾਕ ਹੀ ਸਮਝੋ। ਮੇਰਾ ਪਿੰਡ ਤੋਂ ਚੰਡੀਗੜ੍ਹ ਸਾਰਾ ਸਫਰ ਕਣ-ਕਣ ਸਚਾਈ ਜ਼ਾਹਿਰ ਕਰ ਸਕਦਾ ਹੈ ਕਿ ਸੰਸਾਰ ਵਿੱਚ ਕੋਹੜ ਕਿੱਥੇ ਫੈਲਿਆ ਹੈ ਅਤੇ ਇਲਾਜ ਲਈ

ਵੈਦ ਕਿੱਥੇ ਖੜਾ ਹੈ। ਇਸ ਕਿਤਾਬ ਵਿੱਚ ਇਕੱਲੇ ਮੇਰੇ ਪਿੰਡ ਦੀ ਕਹਾਣੀ ਨਹੀਂ ਸਗੋਂ ਸਾਰੀ ਦੁਨੀਆਂ ਇਸੇ ਲਪੇਟ ਵਿੱਚ ਹੈ ਕਿ ਜੇਕਰ ਜਿੰਦਗੀ ਚੰਗੀ ਤਰ੍ਹਾਂ ਜਿਉਣੀ ਹੈ ਤਾਂ ਵਡੀ ਮੱਛੀ ਨੂੰ ਛੋਟੀ ਮੱਛੀ ਨੂੰ ਨਿਗਲਣਾ ਬੰਦ ਕਰਨਾ ਪਵੇਗਾ।

**੮.** ਫੋਕੀ ਉੱਚੀ ਸ਼ੁਹਰਤ ਦੀ ਤਾਂਘ ਤੇ ਲਾਲਸਾ ਹੀ ਵਡੇ ਬੰਦੇ ਦੀ ਨਿਗੂਣੀ ਕਮਜ਼ੋਰੀ ਹੁੰਦੀ ਹੈ ਜਿਸ ਤੋਂ ਅਨੇਕਾਂ ਕੋਹੜ ਜਾਗਦੇ ਹਨ। ਦੁਨੀਆਂ ਦੇ ਆਗੂ ਇਸ ਲਪੇਟ ਵਿੱਚ ਆ ਜਾਂਦੇ ਹਨ। ਉਹਨਾਂ ਨੂੰ ਧੜਾ, ਧਕਾ, ਧਾੜਵੀ, ਧਰਤੀ, ਧਰਾਤਲ, ਧਰਮੀਂ, ਧਾਰ, ਧੱਦ, ਧੋਖਾ, ਧਤੂਰਾ, ਧੋਤੀ, ਧੂਹ, ਧਾਨ ਤੇ ਧਨ ਸਭ ਸਮਤਲ ਭਾਸਦੇ ਹਨ। ਖਰਾ, ਖੋਟਾ, ਖ਼ੂਹ, ਖੁਦਾਈ, ਖੈਰ-ਖੁਆਹ, ਖੁਆਰ, ਖਾਤਰਦਾਰੀ ਖਤਮ ਹੁੰਦੀ ਦਿਸਦੀ ਹੈ। ਅਜਿਹਾ ਹੀ ਪੰਜਾਬ ਦੇ ਨਾਲ ਹੋਇਆ। ਪੰਜਾਬ ਦੇਸ਼ ਵੰਡਿਆ ਗਿਆ। ਪੰਜਾਬ ਨੇ ਪੂਰਾ ਸੰਤਾਪ ਪਿੰਡੇ ਉੱਤੇ ਝੱਲਿਆ। ਇਕ ਤੋਂ ਦੋ ਪੰਜਾਬ ਬਣੇ। ਮੁੜ ਪੂਰਬੀ ਪੰਜਾਬ ਵੰਡਕੇ ਰਾਜਸੀ ਟੁਕੜਬੋਚਾਂ ਨੇ ਮਾਝਾ, ਮਾਲਵਾ ਤੇ ਬਿਸਤ ਦੁਆਬ ਨੂੰ ਹੀ ਪੰਜਾਬ ਬਣਾ ਦਿਤਾ। ਰੌਲੇ ਰੱਪੇ ਪੁਆਏ, ਹੱਲਾਸ਼ੇਰੀਆਂ ਦਿਤੀਆਂ। ਬੰਦਸ਼ਾਂ ਲਗੀਆਂ, ਸਖਤ ਕਨੂੰਨ ਬਣੇ, ਕਈ ਕੀਰਨੇ ਪਏ। ਕਈ ਘਰ ਉਜੜੇ , ਕਾਲੇ ਦਿਨ ਤੇ ਚਿਟੀਆਂ ਰਾਤਾਂ ਲੰਘੀਆਂ ਤੇ ਮੁੜ ਲੂਲੇ ਪੰਜਾਬ ਨੇ ਆਪਣੇ ਹਡੀਂ ਸੰਤਾਪ ਹੰਢਾਇਆ ਜਿਸਨੂੰ ਕਲਮਬੰਦ ਕਰਨਾ ਵਕਤ ਮੰਗ ਕਰਦਾ ਹੈ।

**੯.** ਮੇਰੀ ਨਜਰ ਵਿੱਚ ਮਾਸ ਖਾਣਾ ਪਾਪ ਹੈ ਪਰ ਝਟਕਈ ਦਾ ਰੁਜ਼ਗਾਰ ਹੈ। ਦੋਨਾਂ ਸੋਚਾਂ ਨੂੰ ਇਕ ਲੜੀ ਵਿੱਚ ਪਰੋਣਾ ਪਵੇਗਾ। ਸ਼ਾਸਨ ਅਤੇ ਸਾਦਿਕ ਇਕ ਮੰਚ ਅਖਤਿਆਰ ਕਰਨਗੇ ਤਾਂ ਕਦੇ ਅਤਿਵਾਦੀ ਪੈਦਾ ਨਹੀਂ ਹੋਣਗੇ। ਜਿੰਨੇ ਸਖਤ ਕਾਨੂੰਨ ਬਣਨਗੇ ਅਤੇ ਸ਼ਾਸਕਾਂ ਉੱਤੇ ਲਾਗੂ ਨਹੀਂ ਹੋਣਗੇ, ਉੱਥੇ ਓਨੇ ਹੀ ਵੱਧ ਤੋਂ ਵੱਧ ਅਤਿਵਾਦੀ, ਜੋਧੇ ਖਾੜਕੂ ਅਤੇ ਸੰਘਰਸ਼ੀ ਲੋਕ ਅਣਥੱਕ ਪੈਦਾ ਹੋਣਗੇ। ਸਮਾਜ ਵਿੱਚ ਸਮਾਜ ਵਲੋਂ ਕੀਤੇ ਜਬਰ ਅਤੇ ਤਸ਼ੱਦਦ ਨੂੰ ਸਾਹਮਣੇ ਰੱਖਕੇ ਚੰਗੇ ਇਨਸਾਨਾਂ ਲਈ ਹਮਦਰਦੀ ਭਰੇ ਲਫਜ਼ਾਂ ਵਿੱਚ

ਚਿਤਰਣਾ ਹੀ ਇਸ ਪੁਸਤਕ ਦਾ ਉਦੇਸ਼ ਹੈ। ਇਕ ਸੱਚੇ ਸੁੱਚੇ ਸਮਾਜ ਦੀ ਸਿਰਜਣਾ ਰੋਹਬਦਾਰ ਦੱਬਕੇ ਨਾਲ ਨਹੀਂ ਸਗੋਂ ਹਲੀਮੀ ਨਾਲ ਹੋ ਸਕਦੀ ਹੈ। "ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥" ਇਹੀ ਮੇਰੀ ਇੱਛਾ ਹੈ।

ਵਾਰ ੧ ਚੇਤ, ਸੰਮਤ ੫੪੧ ਦਰਸ਼ਨ ਸਿੰਘ
ਮਕਾਨ ੧੬੯੮ ਫੇਜ਼ ੭ ਅਧੀਨ ਸਕੱਤਰ (ਸੇਵਾ ਨਵਿਰਤ)
ਸੈਕਟਰ ੬੧ ਸ:ਅ:ਸ ਨਗਰ ਮੁਹਾਲੀ ਪੰਜਾਬ ਸਰਕਾਰ
੧੭੨-੨੨੬੫੪੩੬



www.punjabilibrary.com 

# ਅਤਿਵਾਦੀ ਕੌਣ ?

... ਤੇ ਫਿਰ ਗੰਭੀਰ ਚਿਹਰੇ ਨਾਲ ਸੰਤ ਚੰਨਣ ਸਿੰਘ ਜੀ ਨੇ ਆਖਿਆ 'ਅਤਿਵਾਦੀ ਕੌਣ ਹਨ? ਕਿੱਥੇ ਰਹਿੰਦੇ ਹਨ? ਕੀ ਕਰਦੇ ਹਨ? ਕੀ ਖਾਂਦੇ ਹਨ? ਕਿਵੇਂ ਜੀਵਦੇ ਹਨ? ਵਾਰ ਵਾਰ ਸਾਨੂੰ ਵੀ ਲੋਕ ਇਹੋ ਸਵਾਲ ਪੁੱਛਦੇ ਹਨ।' ਇਹ ਗੱਲ ਸਭ ਦੇ ਸਾਹਮਣੇ ਹੈ ਅਤੇ ਹੈ ਵੀ ਸਪੱਸ਼ਟ।

ਅੱਜ ਦੀ ਅਖਬਾਰੀ ਦੁਨੀਆਂ ਅਤਿਵਾਦ ਦੀ ਬਹੁਤ ਵਿਆਖਿਆ ਕਰਦੀ ਹੈ। ਕਈ ਸਵਾਲ ਕਰਦੇ ਹਨ। ਕਈ ਜਵਾਬ ਦਿੰਦੇ ਹਨ। ਕਈ ਸੁਣਦੇ ਹਨ। ਕੌਣ ਬਹਿਸ ਵਿਚ ਪਵੇ। ਬਹਿਸ ਕਦੋਂ ਸ਼ੁਰੂ ਹੁੰਦੀ ਹੈ ਪਤਾ ਨਹੀਂ ਲਗਦਾ। ਜੇ ਬਹਿਸ ਸ਼ੁਰੂ ਹੋ ਜਾਵੇ ਤਾਂ ਮੁੱਕਦੀ ਨਹੀਂ। ਸਭ ਸੱਥਾਂ ਦੀ ਕਹਾਣੀ ਬਣ ਚੁੱਕੀ ਹੈ। ਹਰ ਜ਼ੁਬਾਨ .... ਅਤਿਵਾਦ ਦੀ ਕਹਾਣੀ ਘੜੀ ਜਾਂਦੀ ਹੈ। ਅਖਬਾਰਾਂ ਦੇ ਹਿਸਾਬ ਨਾਲ ਅਤਿਵਾਦੀ ਚੋਰ ਨਹੀਂ। ਡਾਕੂ ਨਹੀਂ। ਜੁਆਰੀਆ ਨਹੀਂ। ਲੁੱਚਾ ਲਫੰਡਾ ਨਹੀਂ। ਸ਼ਰਾਬੀ ਨਹੀਂ। ਕਬਾਬੀ ਨਹੀਂ। ਰਿਸ਼ਵਤਖੋਰ ਨਹੀਂ। ਅਫੀਮੀ ਨਹੀਂ। ਪੋਸਤੀ ਨਹੀਂ। ਅਮਲੀ ਨਹੀਂ ਅਤੇ ਜਾਦੂਗਰ ਨਹੀਂ। ਫਿਰ ਕੌਣ ਹੈ? ਪਿੰਡ ਦੀ ਸੱਥ ਤੋਂ ਸੰਯੁਕਤ ਰਾਸ਼ਟਰ ਮੰਡਲ ਤੱਕ ਅੱਜ ਇਕੋ ਹੀ ਸਵਾਲ ਹੈ। ਇਹ ਪ੍ਰਸ਼ਨ ਵਾਰ ਵਾਰ ਪੁੱਛਿਆ ਜਾਂਦਾ ਹੈ। ਅਖਬਾਰਾਂ ਦੱਸਦੀਆਂ ਹਨ ਕਿ ਫਲਾਣਾ ਅਤਿਵਾਦੀ ਮਾਰਿਆ ਗਿਆ। ਉਸਦੇ ਸਿਰ ਦਾ ਮੁਲ ਪੰਜਾਹ ਹਜ਼ਾਰ ਰੁਪਏ ਸੀ ਤੇ ਵੀਹਾਂ ਕਤਲਾਂ ਵਿਚ ਉਸਦਾ ਹੱਥ ਸੀ। ਧਿਮਕੜਾ ਅਤਿਵਾਦੀ ਮੁਕਾਬਲੇ ਵਿਚ ਮਾਰਿਆ ਗਿਆ। ਉਸਦੇ ਸਿਰ ਦਾ ਮੁੱਲ ਪੰਜਾਹ ਲੱਖ ਸੀ ਅਤੇ ਪੁਲਿਸ ਨੂੰ ਉਸਦੀ ਪੰਜ ਸੌ ਕਤਲਾਂ ਵਿਚ ਭਾਲ ਸੀ। ਉਸਦੀ ਲਾਸ਼ ਪਾਸੋਂ ਭਾਰੀ ਮਾਤਰਾ ਵਿਚ ਅਸਲਾ ਫੜਿਆ ਗਿਆ ਅਤੇ ਏ.ਕੇ. ਸੰਤਾਲੀ ਰਾਈਫਲ ਉਸਦੇ ਕੋਲ ਸੀ। ਉਸਦੇ ਸਾਥੀ ਹਨੇਰੇ ਦੀ ਆੜ

ਵਿਚ ਬਚ ਨਿਕਲੇ। ਅਖਬਾਰਾਂ ਹੀ ਦਸਦੀਆਂ ਹਨ ਕਿ ਪੰਜਾਬ ਮੁਲਕ ਦਾ ਅਤਿਵਾਦ ਗ੍ਰਸਤ ਰਾਜ ਹੈ। ਬਹੁਤੀਆਂ ਅਖਬਾਰਾਂ ਸਿੱਖ ਅਤਿਵਾਦੀ ਦੱਸਦੀਆਂ ਹਨ। ਸਾਰੀ ਦੁਨੀਆਂ ਹੀ ਅਤਿਵਾਦ ਦੇ ਸ਼ਿਕੰਜੇ ਵਿਚ ਫਸੀ ਪਈ ਹੈ। ਕਿਵੇਂ ਫਸੀ ਪਈ ਹੈ, ਸੰਤ ਚੰਨਣ ਸਿੰਘ ਨੇ ਆਪਣੀ ਗੱਲ ਚਾਲੂ ਰੱਖਦਿਆਂ ਹੋਇਆਂ ਕਿਹਾ ਕਿ ਸਵਾਲ ਵਿਚੋਂ ਹੀ ਜਵਾਬ ਲੱਭ ਸਕਦਾ ਹੈ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਗੱਲ ਤੋਰੀ। ਕੋਈ ਹੈ ਮਹਾਰਾਜਾ ਰਣਜੀਤ ਸਿੰਘ ਵਰਗਾ ਸ਼ਾਸਕ ਜਿਸਨੇ ਸਾਰੀ ਉਮਰ ਤਾਜ ਨਹੀਂ ਪਹਿਨਿਆ। ਹਲੀਮੀ ਨਾਲ ਰਾਜ ਕੀਤਾ। ਕੀ ਇਹ ਸੱਚ ਨਹੀਂ ਕਿ ਉਸਨੇ ਕਿਸੇ ਨੂੰ ਫਾਂਸੀ ਨਹੀਂ ਦਿਤੀ। ਵਿਰੋਧੀਆਂ ਨੂੰ ਵੀ ਬੰਦੀ ਨਹੀਂ ਬਣਾਇਆ। ਸ਼ਰਤਾਂ ਲਾ ਕੇ ਖਲਾਸੀ ਕੀਤੀ। ਉਥੇ ਮੁੜ ਵਿਰੋਧ ਨਹੀਂ ਉਘੜਿਆ। ਉੱਥੇ ਸੰਗਤ ਤੇ ਪੰਗਤ ਬਣੀ ਰਹੀ ਪਰ ਹੰਕਾਰ ਨਹੀਂ ਉਪਜਿਆ। ਵੈਰੀ-ਵਿਰੋਧੀ ਸੂਲੀ ਨਹੀਂ ਚਾੜ੍ਹੇ। ਦੁਸ਼ਮਣਾਂ ਦੇ ਵੀ ਮਨ ਭਰਮਾਏ ਗਏ। ਉਥੇ ਅਤਿਵਾਦ ਜਨਮ ਨਹੀਂ ਲੈ ਸਕਿਆ। ਆਪਣੀ ਸੁਰ ਅਗਾਂਹ ਤੋਰਦਿਆਂ ਹੋਇਆਂ ਸੰਤਾਂ ਨੇ ਕਿਹਾ ਜੇਕਰ ਅੱਜ ਦਾ ਅਤਿਵਾਦੀ ਚੋਰ ਨਹੀਂ ਤਾਂ ਹੈ ਕੋਣ? ਚੋਰ ਨਹੀਂ। ਡਾਕੂ ਨਹੀਂ। ਜੁਆਰੀਆ ਨਹੀਂ। ਲੁੱਚਾ ਲਫੰਗਾ ਨਹੀਂ। ਸ਼ਰਾਬੀ ਨਹੀਂ। ਕਬਾਬੀ ਨਹੀਂ। ਰਿਸ਼ਵਤਖੋਰ ਨਹੀਂ। ਅਫੀਮੀ ਨਹੀਂ। ਪੋਸਤੀ ਨਹੀਂ। ਅਮਲੀ ਨਹੀਂ ਅਤੇ ਜਾਦੂਗਰ ਨਹੀਂ। ਡਾਕੂ ਨਹੀਂ ਤਾਂ ਕੌਣ ਹੈ? ਸ਼ਰਾਬੀ, ਕਬਾਬੀ, ਅਮਲੀ, ਜੁਆਰੀਆ, ਫਰੇਬੀ ਨਹੀਂ। ਸਮਾਜ ਦੀ ਕੋਈ ਬੁਰਾਈ ਅਤਿਵਾਦੀਆਂ ਦੇ ਨਾਲ ਨਹੀਂ ਤੁਰਦੀ ਪਰ ਫਿਰ ਵੀ ਅਤਿਵਾਦੀ ਸਾਡੇ ਸਮਾਜ ਦਾ ਸਭ ਤੋਂ ਬੁਰਾ ਬੰਦਾ ਦੱਸਿਆ ਜਾਂਦਾ ਹੈ। ਅਖਬਾਰਾਂ ਕਹਿੰਦੀਆਂ ਹਨ ਕਿ ਅਤਿਵਾਦ ਦਾ ਬੀਜ ਸਾਰੀ ਦੁਨੀਆਂ ਵਿਚ ਪੈਦਾ ਹੋ ਗਿਆ ਹੈ। ਕਿਤੇ ਬਹੁਤਾ ਕਿਤੇ ਥੋੜ੍ਹਾ ਜਰੂਰ ਹੈ। ਕਈ ਅਖਬਾਰਾਂ ਕਹਿੰਦੀਆਂ ਹਨ ਕਿ ਅਤਿਵਾਦ ਸਰਕਾਰੀ ਮਸ਼ੀਨਰੀ ਦੀ ਵਧੀਕੀ ਦੀ ਉਪਜ ਹੈ। ਕਈਆਂ ਦਾ ਇਹ ਵੀ ਵਿਚਾਰ ਹੈ ਕਿ ਅਤਿਵਾਦ ਤਕੜੇ ਦੀ ਧਿੰਗੋਜ਼ੋਰੀ ਦੀ ਉਪਜ ਹੈ। ਕਈ ਸੰਸਥਾਵਾਂ ਅਤਿਵਾਦੀਆਂ ਨੂੰ ਸਮਾਜ ਦਾ ਅਤਿ ਘਿਨਾਉਣਾ ਅੰਗ ਸਮਝਦੀਆਂ ਹਨ। ਆਓ ਆਪਾਂ ਵੀ ਵੇਖੀਏ ਕਿ ਸਾਡੀ ਨਜ਼ਰੇ ਅਤਿਵਾਦੀ ਕੌਣ ਹੈ। ਕਿਵੇਂ ਜੀਵਨ ਬਤੀਤ ਕਰਦੇ ਹਨ। ਕੀ ਕਿਸੇ ਅਤਿਵਾਦੀ ਦਾ ਵੀ

ਸਤਿਕਾਰ ਹੁੰਦਾ ਹੋਵੇਗਾ? ਉਨ੍ਹਾਂ ਵਿਚ ਕੀ ਬੁਰਾਈ ਹੁੰਦੀ ਹੈ? ਅਛਾਈ ਦੀ ਚਿਣਗ ਉਨ੍ਹਾਂ ਦੇ ਜੀਵਨ ਵਿਚ ਵੀ ਹੋਵੇਗੀ? ਕੀ ਅਤਿਵਾਦੀ ਇਨਸਾਨ ਹਨ ਜਾਂ ਹੈਵਾਨ? ਕੀ ਸਰਕਾਰਾਂ ਅਤਿਵਾਦ ਨੂੰ ਠੱਲ ਪਾ ਸਕਣਗੀਆਂ? ਸਰਕਾਰ ਕੀ ਹੁੰਦੀ ਹੈ? ਸਮਾਜ ਕੀ ਹੈ? ਕੀ ਅਤਿਵਾਦੀ ਸਮਾਜ ਤੇ ਸਰਕਾਰ ਦੇ ਸਾਹਮਣੇ ਆਪਣਾ ਪੱਖ ਪੇਸ਼ ਕਰ ਸਕਣਗੇ? ਬੜੀ ਮਿੱਠੀ ਤੇ ਖਿੱਚ ਭਰੀ ਅਵਾਜ਼ ਵਿਚ ਸੰਤ ਚੰਨਣ ਸਿੰਘ ਸਹਿਜ ਸੁਭਾਅ ਹੀ ਵਿਚਾਰਾਂ ਨੂੰ ਸੰਗਤ ਵਿਚ ਪ੍ਰਗਟਾਅ ਰਹੇ ਸਨ। ਸਾਡੀ ਸਮਝੇ, ਸਾਡੀ ਜਾਚੇ, ਅਤਿਵਾਦ ਦੀ ਕੋਈ ਪ੍ਰਤੀਭਾਸ਼ਾ ਨਹੀਂ। ਅਤਿਵਾਦ ਕਿਸੇ ਬੋਲੀ, ਧਰਮ, ਅਸਥਾਨ, ਥਾਂ ਜਾਂ ਕਿਸੇ ਸਰਕਾਰ ਸਮਾਜ ਦਾ ਮੁਥਾਜ ਨਹੀਂ। ਅਤਿਵਾਦ ਕਿਸੇ ਬੁਰੇ ਸਮਾਜ ਵਿਚ ਰੌਸ਼ਨੀ ਦੀ ਚਿਣਗ ਜਰੂਰ ਜਾਪਦਾ ਹੈ। ਅਤਿਵਾਦ ਨੂੰ ਜਿਹੜਾ ਵਿਹੜਾ ਸਾਂਭ ਲੈਂਦਾ ਹੈ ਉਹ ਸਫਲ ਹੋ ਜਾਂਦਾ ਹੈ, ਜਿਹੜਾ ਦਬਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਵਿਹੜਾ ਬੁਰਾਈਆਂ ਦਾ ਬਿੰਦੂ ਬਣ ਜਾਂਦਾ ਹੈ।

**੩.** ਮੇਰਾ ਪਿੰਡ ਦੂਰ ਦੁਰਾਡੇ ਪੰਜਾਬ ਦੇ ਗਭ ਵਿਚ ਹੈ। ਕੇਂਦਰ ਬਿੰਦੂ ਹੋਣ ਕਰਕੇ ਬੱਸ ਆਵਾਜਾਈ ਬਹੁਤ ਹੈ। ਕਈ ਬੱਸਾਂ ਗੰਗਾਨਗਰ, ਜੈਪੁਰ, ਜੋਧਪੁਰ ਤੋਂ ਕਾਂਗੜਾ, ਜੁਆਲਾਜੀ ਤੱਕ ਇੱਥੋਂ ਲੰਘਦੀਆਂ ਹਨ। ਪਿੰਡ ਦੇ ਦੂਜੇ ਪਾਸੇ ਰੇਲ ਦੀ ਪਟੜੀ ਵੀ ਹੈ। ਰੇਲ ਪਟੜੀ ਦਾ ਵੀ ਸੌ ਸਾਲਾ ਪੂਰਾ ਹੋਣ ਵਾਲਾ ਹੈ। ਰੇਲ ਦੀ ਆਵਾਜਾਈ ਕਾਫੀ ਹੈ। ਪਿੰਡ ਦੇ ਇਕ ਪਾਸੇ ਰੇਤਲੀ ਜ਼ਮੀਨ ਹੈ। ਦੂਜੇ ਪਾਸੇ ਚੋਆਂ ਦੀ ਉਪਜਾਊ ਮਿੱਟੀ। ਐਸੀ ਬਣਤਰ ਕੁਦਰਤ ਨੇ ਬਣਾਈ ਹੈ ਕਿ ਬਰਸਾਤੀ ਨਾਲਾ ਵੀ ਲੰਘਦਾ ਹੈ। ਜਦ ਵੱਤ ਆਉਂਦੀ ਹੈ ਤਾਂ ਕਿਸਾਨ ਕਣਕ, ਸਰੋਂ, ਤੋਰੀਆ, ਛੋਲੇ ਆਦਿ ਬੀਜ ਦਿੰਦੇ ਹਨ। ਬੀਜਣ ਤੋਂ ਬਾਅਦ ਕੇਵਲ ਵਾਢੀ ਵੇਲੇ ਹੀ ਜਾਣਾ ਪੈਂਦਾ ਹੈ। ਦੂਜੇ ਪਾਸੇ ਬਾਕੀ ਫਸਲਾਂ ਲਈ ਖੂਹਾਂ ਦੀ ਭਰਮਾਰ ਹੈ। ਕਾਫੀ ਰੌਣਕਾਂ ਹਨ ਅਤੇ ਰਹਿਣਗੀਆਂ ਵੀ। ਜਿੱਥੇ ਦਲਦਲੀ ਜ਼ਮੀਨ ਘੱਟ ਮਿਹਨਤ ਜ਼ਿਆਦਾ ਲਾਭ ਦਿੰਦੀ ਹੈ ਉੱਥੇ ਰੇਤਲੀ ਜ਼ਮੀਨ ਵੀ ਕਾਫੀ ਉਪਜਾਊ ਹੈ। ਕਦੇ ਮੂੰਗਫਲੀ ਬੀਜੀ ਜਾਂਦੀ ਸੀ। ਹੁਣ ਜ਼ਰਖੇਜ਼ ਬਣ ਗਈ ਹੈ। ਕਮਾਦ, ਕਣਕ, ਕਪਾਹ ਤੇ ਮੱਕੀ ਸਭ ਤਰ੍ਹਾਂ ਦੀਆਂ

ਫਸਲਾਂ ਹੋਣ ਲੱਗ ਪਈਆਂ ਹਨ। ਪਸ਼ੂਆਂ ਲਈ ਚਰਾਂਦ ਮਿਲ ਜਾਂਦੀ ਹੈ। ਸੜਕ ਅਤੇ ਰੇਲ ਪਟੜੀਆਂ ਦਾ ਇਹੀ ਬਹੁਤ ਫਾਇਦਾ ਹੈ ਮੇਰੇ ਪਿੰਡ ਵਾਸੀਆਂ ਨੂੰ। ਪਿੰਡ ਦੀ ਵਸੋਂ ਬਹੁਤ ਥੋੜ੍ਹੀ ਹੈ। ਪਰ ਹੈ ਪੜ੍ਹੀ ਲਿਖੀ। ਸਿੱਖੀ ਸੁਭਾਅ ਵਾਲੀ ਹੈ। ਉਂਝ ਤਾਂ ਸਾਰਾ ਪੰਜਾਬ ਗੁਰੂਆਂ ਦੇ ਨਾਮ ਤੇ ਹੀ ਜਿਉਂਦਾ ਹੈ ਪਰ ਗੁਰਸਿੱਖੀ ਦੀ ਲਗਨ ਹੋਣੀ ਵੀ ਬੜੀ ਮਹੱਤਤਾ ਰੱਖਦੀ ਹੈ। ਇਸ ਕਾਰਜ ਲਈ ਸੰਤ ਚੰਨਣ ਸਿੰਘ ਨੂੰ ਗੁਰੂ ਦੀ ਕਿਰਪਾ ਬਖਸ਼ੀ ਹੋਈ ਹੈ। ਸੰਤਾਂ ਦਾ ਡੇਰਾ ਪਿੰਡ ਦੇ ਚੜ੍ਹਦੇ ਪਾਸੇ ਹੈ। ਆਉਣ ਜਾਣ ਵਾਲਾ ਹਰ ਵਿਅਕਤੀ ਸੰਤਾਂ ਦਾ ਅਸ਼ੀਰਵਾਦ ਲੈਣਾ ਚਾਹੁੰਦਾ ਹੈ। ਕਈ ਪ੍ਰਾਣੀ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਹਨ। ਕਈ ਗੁਰਸਿੱਖੀ ਦਾ ਜੀਵਨ ਬਤੀਤ ਕਰਦੇ ਹਨ। ਸਾਡਾ ਸਾਰਾ ਪਿੰਡ ਹੀ ਗੁਰਮਤਿ ਦਾ ਧਾਰਨੀ ਹੈ। ਇਸ ਲਈ ਗੁਰਸਿੱਖਾਂ ਦੀ ਰਹਿਨੁਮਾਈ ਕਬੂਲ ਕਰਦੇ ਹਨ। ਨਸ਼ਿਆਂ ਵਰਗੀ ਬੁਰਾਈ ਨੂੰ ਦੂਰ ਕਰਨ ਲਈ ਚਰਚਾ ਚਲਦੀ ਰਹਿੰਦੀ ਹੈ।

੪. ਮੇਰੇ ਪਿੰਡ ਦੀ ਮੁਢਲੀ ਸਰਕਾਰ ਪੰਚਾਇਤ ਹੈ। ਕਈ ਵਕਤ ਪੰਚਾਇਤ ਦੀ ਚੋਣ ਵੀ ਸਰਬ ਸੰਮਤੀ ਨਾਲ ਹੋ ਜਾਂਦੀ ਹੈ। ਕਿਤੇ ਕਿਤੇ ਵੋਟਾਂ ਵੀ ਪੈ ਜਾਂਦੀਆਂ ਹਨ। ਵੈਰ ਵਿਰੋਧ ਬਹੁਤ ਕੁਸੈਲਾ ਨਹੀਂ। ਭਰੱਪਣ ਖੜਾ ਹੈ। ਪੰਚਾਇਤ ਦੇ ਚੰਗੇ ਮੈਂਬਰ ਹਨ। ਭਲੇ ਪੁਰਸ਼ ਹਨ। ਸਰਪੰਚ ਤੋਂ ਵਗੈਰ ਸਾਰੇ ਪੰਚ ਸ਼ਰਾਬ ਆਦਿ ਦਾ ਸੇਵਨ ਨਹੀਂ ਕਰਦੇ। ਸਰਪੰਚ ਨੂੰ ਵੀ ਮਜਬੂਰੀ ਹੁੰਦੀ ਹੈ। ਇਹ ਮਜ਼ਬੂਰੀਆਂ ਪਹਿਲਾਂ ਲੰਬੜਦਾਰਾਂ, ਜ਼ੈਲਦਾਰਾਂ ਤੇ ਮੋਹਤਬਰਾਂ ਨੂੰ ਹੁੰਦੀਆਂ ਸਨ। ਸਰਪੰਚ ਐਸੀ ਮਜ਼ਬੂਰੀ ਹੁੰਦਿਆਂ ਹੋਇਆਂ ਵੀ ਗੁਰਸਿੱਖੀ ਸਮਝਦਾ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਵਰਜਦਾ ਹੈ। ਸਰਪੰਚ ਭੋਲਾ ਸਿੰਘ ਵੀ ਅਕਸਰ ਸੰਤਾਂ ਦੇ ਡੇਰੇ ਆਉਂਦਾ ਜਾਂਦਾ ਹੈ। ਸੰਤਾਂ ਮਹਾਂਪੁਰਸ਼ਾਂ ਦਾ ਬੜਾ ਸਤਿਕਾਰ ਕਰਦਾ ਹੈ। ਸੰਤ ਚੰਨਣ ਸਿੰਘ ਹੋਰੀਂ ਸਰਪੰਚ ਭੋਲਾ ਸਿੰਘ ਨੂੰ ਅਕਸਰ ਕਹਿੰਦੇ ਰਹਿੰਦੇ ਹਨ ਕਿ ਨੌਜਵਾਨਾਂ ਨੂੰ ਆਪਾਂ ਨਸ਼ਿਆਂ ਵਿਚ ਨਹੀਂ ਪੈਣ ਦੇਣਾ। ਸਿੱਖੀ ਸਰੂਪ ਵਿਚ ਅੰਮ੍ਰਿਤ ਛਕਾ ਕੇ ਸਰਬੱਤ ਦੇ ਭਲੇ ਲਈ ਅਕਾਲਪੁਰਖ ਦੇ ਲੜ ਲਾਉਂਣਾ ਹੈ। ਇਸ ਤਰ੍ਹਾਂ ਸੰਤ ਸਮਾਜਿਕ ਬੁਰਾਈਆਂ

ਉਪਰ ਠੱਲ੍ਹ ਪਾਉਣ ਲਈ ਆਉਂਦੀ ਸੰਗਤ ਨੂੰ ਸੰਬੋਧਨ ਕਰਦੇ ਰਹਿੰਦੇ ਹਨ। ਉਹਨਾਂ ਦੇ ਅਜਿਹੇ ਭਲੇ ਉਪਦੇਸ਼ ਸਦਕਾ ਕਈ ਨੌਜਵਾਨ ਗੁਰਮਤਿ ਦੇ ਧਾਰਨੀ ਹੋ ਗਏ। ਊਂਝ ਵੀ ਪਿੰਡ ਵਿਚ ਦੋ ਗੁਰਦੁਆਰੇ ਹਨ। ਇਕ ਜੱਟਾਂ ਦਾ ਦੂਜਾ ਰਾਮਗੜ੍ਹੀਆਂ ਦਾ। ਕਿਸੇ ਸਮੇਂ ਮੁਸਲਮਾਨ ਭਰਾਵਾਂ ਦੀ ਅਬਾਦੀ ਵੀ ਕਾਫੀ ਸੀ। ਉਹ ਸਮੇਂ ਦੀ ਕੜਵਾਹਟ ਕਰਕੇ ਛੱਡਕੇ ਚਲੇ ਗਏ। ਹਾਲੇ ਵੀ ਕਈ ਸਤਿਕਾਰਯੋਗ ਵਿਅਕਤੀ ਵਸਦੇ ਹਨ। ਰੱਬ ਦੀ ਰਹਿਮਤ ਸਦਕਾ ਮਸੀਤ ਬਰਕਰਾਰ ਹੈ ਅਤੇ ਮਕਬਰਾ ਸੁਸ਼ੋਭਿਤ ਹੈ। ਕੌਣ ਜਾਣਦਾ ਹੈ ਬੁਰੇ ਭਲੇ ਨੂੰ। ਯਾਦਾਂ ਆਪੇ ਤਾਜ਼ਾ ਕਰਦੀਆਂ ਰਹਿੰਦੀਆਂ ਹਨ। ਸਾਡੇ ਪਿੰਡ ਸੰਤਾਲੀ ਦੇ ਰੌਲੇ ਰੱਪੇ ਸਮੇਂ ਵੀ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਸੱਥਾਂ ਵਿਚ ਅੱਜ ਤੱਕ ਪਿੰਡ ਦੀਆਂ ਮੁਹੱਬਤਾਂ ਦੀਆਂ ਕਹਾਣੀਆਂ ਸੁਣਾਈਆਂ ਜਾਂਦੀਆਂ ਹਨ। ਹੁਣ ਆਦਿ ਧਰਮੀਆਂ ਦੀ ਧਰਮਸ਼ਾਲਾ ਵੀ ਕਾਇਮ ਹੈ। ਗੁਰਦੁਆਰੇ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹੈ। ਐਸੇ ਚੰਗੇ ਵਾਤਾਵਰਨ ਵਿਚ ਵੀ ਕੋਕੜੂ ਸੁਭਾਵਿਕ ਹੀ ਹੁੰਦੇ ਹਨ। ਪਿੰਡ ਦੇ ਲਾਗਿਓਂ ਲੰਘਣ ਵਾਲੀ ਰੇਲਪਟੜੀ ਵੀ ਜਲੰਧਰ ਤੋਂ ਹੁਸ਼ਿਆਰਪੁਰ ਤੱਕ ਜਾਂਦੀ ਹੈ। ਇਸ ਦੇ ਨਾਲ ਹੀ ਪਿੰਡ ਦੀ ਹੱਦ ਦੇ ਲਾਗਿਓਂ ਨਹਿਰ ਦਾ ਛੋਟਾ ਸੂਆ ਲੰਘਦਾ ਹੈ। ਕਿਤੇ ਪੁਲ, ਕਿਤੇ ਸਾਈਫਨ, ਕਿਤੇ ਲਾਂਘਾ, ਕਿਤੇ ਬਰਸਾਤੀ ਨਾਲਾ, ਕਿਤੇ ਟੋਏ, ਕਿਤੇ ਟਿੱਬੇ, ਚੰਗੀ ਹਰਿਆਵਲ ਅਤੇ ਘਾਹ-ਪੱਠੇ ਆਮ ਹਨ। ਵਿਹਲੜਾਂ ਲਈ ਸੈਰ ਕਰਨ ਦੀ ਸਹੂਲਤ। ਪੜ੍ਹਨ ਵਾਲਿਆਂ ਲਈ ਨਿਵੇਕਲੀ ਥਾਂ। ਪਿੰਡ ਦੇ ਲੋਕ ਖੇਤਾਂ ਵਿਚ ਮਾਲ ਡੰਗਰ ਚਾਰਦੇ ਹਨ। ਕਈ ਵਕਤ ਰੇਲ ਦੀ ਪਟੜੀ, ਸੜਕ ਜਾਂ ਨਹਿਰ ਦੇ ਸੂਏ ਦੇ ਆਸ-ਪਾਸ ਪਸ਼ੂ ਚਾਰਨ ਲਈ ਆ ਜਾਂਦੇ ਹਨ। ਚਰਾਵਿਆਂ ਦੇ ਧਿਆਨ ਦੇ ਬਾਵਜੂਦ ਕਈ ਵਾਰੀ ਪਸ਼ੂ ਇਨ੍ਹਾਂ ਵਰਜਤ ਥਾਵਾਂ ਨੂੰ ਪਾਰ ਕਰ ਜਾਂਦੇ ਹਨ। ਰੇਲ ਗੱਡੀ ਦੀ ਅਵਾਜ਼ ਸੁਣਾਈ ਨਹੀਂ ਦਿੰਦੀ। ਕਈ ਦਫਾ ਡਰਾਇਵਰ ਨੂੰ ਵਿਸਲ ਮਾਰਨ ਦਾ ਚੇਤਾ ਨਹੀਂ ਆਉਂਦਾ।

**੫.** ਮੌਕਾ ਅਜਿਹਾ ਬਣਿਆ ਕਿ ਰੇਲ ਗੱਡੀ ਆ ਗਈ। ਇਕ ਝੋਟਾ ਰੇਲ ਪਟੜੀ ਤੇ ਚੜ੍ਹ ਗਿਆ। ਚਰਾਵਾ ਕੋਮਲ ਸਿੰਘ ਸੀ। ਉਹ ਕੁਦਰਤੀ ਆਪਣੀ



www.punjabilibrary.com 

ਕਿਤਾਬ ਵਿਚ ਮਗਨ ਸੀ। ਕੋਮਲ ਸਿੰਘ ਦਸਵੀਂ ਜਮਾਤ ਵਿਚ ਪੜ੍ਹਦਾ ਸੀ। ਬੜਾ ਹੁਸ਼ਿਆਰ ਹੈ। ਬੜੀ ਮਿਹਨਤ ਨਾਲ ਕੰਮ ਕਰਦਾ ਹੈ। ਪਰ ਇਹ ਇਕ ਅਚੰਭਾ ਹੋ ਗਿਆ। ਝੋਟਾ ਰੇਲ ਪਟੜੀ ਤੇ ਚੜ੍ਹਿਆ। ਰੇਲ ਗੱਡੀ ਨੇ ਦਰੜ ਦਿਤਾ। ਕੋਮਲ ਸਿੰਘ ਬੇਬੱਸ ਸੀ। ਹੋਰ ਵੀ ਚਰਾਵੇ ਇਕੱਠੇ ਹੋ ਗਏ। ਰੇਲ ਗੱਡੀ ਰੁੱਕੀ, ਵਿਸਲ ਮਾਰੀ, ਚਲਦੀ ਬਣੀ। ਦਿਨ ਦਾ ਦੁਪਹਿਰ ਸੀ। ਚਰਾਵੇ ਨੂੰ ਪਤਾ ਨਾ ਲੱਗਿਆ। ਪਸ਼ੂ ਮਰ ਗਿਆ। ਚਰਾਵੇ ਇਕੱਠੇ ਹੋਕੇ ਦੇਖਦੇ ਰਹੇ, ਰੇਲ ਰੁਕੀ, ਚੀਕ ਮਾਰੀ ਤੁਰ ਗਈ। ਪਿੰਡ ਤੋਂ ਵੀ ਕਈ ਜਣੇ ਆਏ। ਥੋੜ੍ਹੀ ਦੂਰ ਕੋਮਲ ਸਿੰਘ ਦਾ ਪਿਤਾ ਰਾਮ ਸਿੰਘ ਖੂਹ ਚਲਾ ਰਿਹਾ ਸੀ। ਉਸਨੇ ਤੱਕਿਆ ਅਤੇ ਰੇਲ ਪਟੜੀ ਤੇ ਪਹੁੰਚ ਗਿਆ। ਝੋਟੇ ਨੂੰ ਵੇਖਿਆ। ਪਛਾਣਿਆ। ਭਾਣਾ ਮੰਨਿਆ। ਕੋਮਲ ਨੂੰ ਦਿਲਾਸਾ ਦਿਤਾ। ਪਰ ਗਰੀਬ ਦਾ ਨੁਕਸਾਨ ਹੋ ਗਿਆ। ਪਿੰਡ ਦੇ ਲੋਕਾਂ ਨੇ ਬੜਾ ਅਫਸੋਸ ਮਨਾਇਆ। ਸ਼ਾਮ ਹੋਣ ਵਾਲੀ ਸੀ। ਕੋਮਲ ਸਿੰਘ ਬਾਕੀ ਡੰਗਰਾਂ ਨੂੰ ਪਿੰਡ ਲੈ ਆਇਆ। ਕਈ ਲੋਕੀ ਹਾਲੇ ਵੀ ਰਾਮ ਸਿੰਘ ਨਾਲ ਸਨੇਹ ਪ੍ਰਗਟਾਉਣ ਆ ਰਹੇ ਸਨ। ਕਈ ਕਹਿੰਦੇ ਰੇਲ ਵਾਲਿਆਂ ਨੂੰ ਰੇਲ ਰੋਕ ਲੈਣੀ ਚਾਹੀਦੀ ਸੀ। ਅਜਿਹੀਆਂ ਗੱਲਾਂ ਹੋ ਰਹੀਆਂ ਸਨ ਕਿ ਕਿਸੇ ਨੇ ਆ ਕੇ ਦੱਸਿਆ ਕਿ ਪਿੰਡ ਵਿਚ ਪੁਲਿਸ ਆਈ ਹੈ। ਪੁਲਿਸ ਆਉਣ ਦੀ ਖਬਰ ਸਾਰੇ ਪਿੰਡ ਵਿਚ ਫੈਲ ਗਈ ਕਿ ਰਾਮ ਸਿੰਘ ਦੇ ਘਰ ਪੁਲਿਸ ਆਈ ਹੈ। ਰਾਮ ਸਿੰਘ ਨੂੰ ਉਸਦਾ ਝੋਟਾ ਰੇਲ ਨਾਲ ਟਕਰਾ ਕੇ ਮਰਨ ਕਰਕੇ ਥਾਣੇ ਸੱਦਿਆ ਹੈ। ਥਾਣੇ ਸੁਵੇਰ ਨੂੰ ਜਾਣਾ ਹੈ। ਪੁਲਿਸ ਵਾਲੇ ਰਾਤ ਨੂੰ ਪਿੰਡ ਹੀ ਠਹਿਰਣਗੇ। ਮੁਜ਼ਰਮ ਕਿੱਧਰੇ ਚਲਾ ਹੀ ਨਾ ਜਾਵੇ। ਪੁਲਿਸ ਵਾਲਿਆਂ ਸਰਪੰਚ ਭੋਲਾ ਸਿੰਘ ਨੂੰ ਸੱਦਾ ਭੇਜਿਆ। ਪੁਲਿਸ ਵਾਲੇ ਸਰਪੰਚ ਦੀ ਜਾਮਨੀ ਤੇ ਹੀ ਰਾਮ ਸਿੰਘ ਨੂੰ ਹਿਰਾਸਤ ਵਿਚ ਨਹੀਂ ਲੈਣਗੇ। ਕੱਲ ਸਰਪੰਚ ਭੋਲਾ ਸਿੰਘ ਰਾਮ ਸਿੰਘ ਦੀ ਜ਼ਮਾਨਤ ਦੇਵੇਗਾ। ਰਾਤ ਨੂੰ ਪੁਲਿਸ ਵਾਲੇ ਸਰਪੰਚ ਭੋਲਾ ਸਿੰਘ ਦੇ ਘਰ ਠਹਿਰਨਗੇ। ਖਰਚਾ ਰਾਮ ਸਿੰਘ ਦਾ ਹੋਵੇਗਾ। ਪੁਲਿਸ ਵਾਲਿਆਂ ਮੁਰਗਾ ਖਾਧਾ ਅਤੇ ਸ਼ਰਾਬ ਪੀਤੀ। ਸੁਵੇਰੇ ਪੰਚਾਇਤ ਰਾਮ ਸਿੰਘ ਨੂੰ ਨਾਲ ਲੈ ਕੇ ਥਾਣੇ ਗਈ। ਥਾਣੇਦਾਰ ਨੇ ਰਾਮ ਸਿੰਘ ਨੂੰ ਥਾਣੇ ਡੱਕ ਦੇਣ ਦੀ ਧਮਕੀ ਦਿੱਤੀ ਕਿ ਉਸਨੇ ਸਰਕਾਰ ਦੀ ਰੇਲ ਪਟੜੀ ਦੀ ਆਵਾਜਾਈ ਵਿਚ ਵਿਘਨ

ਪਾਇਆ ਹੈ। ਰਾਮ ਸਿੰਘ ਨੇ ਆਪਣੀ ਬੇਵਸੀ ਜ਼ਾਹਿਰ ਕੀਤੀ ਪਰ ਉਸਦੀ ਸੁਣੀ ਇੱਕ ਨਾ ਗਈ। ਰਾਮ ਸਿੰਘ ਬੜਾ ਹਲੀਮੀ ਤੇ ਠਰੰਮ੍ਹੇ ਵਾਲਾ ਬੰਦਾ ਹੈ। ਸਾਊ ਸੁਭਾਅ ਉਸਦਾ ਕੁਦਰਤੀ ਹੈ। ਅੱਧਾ ਦਿਨ ਥਾਣੇ ਘੈਂਸ ਘੈਂਸ ਹੋਈ। ਪੰਚਾਇਤ ਵਾਲੇ ਪੰਚ ਰਾਮ ਸਿੰਘ ਨੂੰ ਬੇਕਸੂਰ ਕਹਿ ਰਹੇ ਸਨ। ਥਾਣੇਦਾਰ ਰਾਮ ਸਿੰਘ ਨੂੰ ਸਜ਼ਾ ਦੇਣ ਲਈ ਬਜ਼ਿੱਦ ਸੀ। ਆਖਿਰਕਾਰ ਭੋਲਾ ਸਿੰਘ ਸਰਪੰਚ ਨੇ ਥਾਣੇਦਾਰ ਲਈ ਇਕ ਬੋਤਲ ਅਤੇ ਇੱਕ ਸੌ ਰੁਪਈਆ ਨਗਦ ਦੇਣਾ ਤਹਿ ਕਰਕੇ ਰਾਮ ਸਿੰਘ ਨੂੰ ਥਾਣੇ ਤੋਂ ਛੁਡਾਇਆ। ਪੰਚ ਨਾਲ ਸਨ, ਗਰੀਬ ਦਾ ਝੋਟਾ ਮੋਇਆ, ਨੁਕਸਾਨ ਹੋਇਆ। ਫਿਰ ਜੁਰਮਾਨਾ ਸ਼ਰਾਬ ਦੇਣੀ ਪਈ, ਸਰਪੰਚ ਭੋਲਾ ਸਿੰਘ ਦੀ ਸਹਿਮਤੀ ਨਾਲ। ਰਾਮ ਸਿੰਘ ਦੇ ਮਨ ਦੀ ਅਵਸਥਾ ਨੂੰ ਕੌਣ ਸਮਝੇਗਾ ਜਿਸਨੇ ਸਾਰੀ ਉਮਰ ਕਦੇ ਸ਼ਰਾਬ ਨੂੰ ਹੱਥ ਨਹੀਂ ਸੀ ਲਾਇਆ। ਉਸਦਾ ਲੜਕਾ ਕੋਮਲ ਸਿੰਘ ਇਕ ਵਿਦਿਆਰਥੀ ਹੈ। ਉਹ ਸਾਰੀ ਸਥਿਤੀ ਨੂੰ ਭਾਂਪਦਾ ਹੈ। ਉਨ੍ਹਾਂ ਨੇ ਆਪਣੀ ਬੇਵਸੀ ਜ਼ਾਹਿਰ ਕੀਤੀ ਪਰ ਮਨ ਦੀ ਸਚਾਈ ਦੀ ਕਸੌਟੀ ਨੂੰ ਠੁਕਰਾਇਆ ਨਹੀਂ। ਸੰਤ ਚੰਨਣ ਸਿੰਘ ਨੂੰ ਸਾਰੀ ਵਿਥਿਆ ਦਾ ਪਤਾ ਲੱਗਾ। ਉਹਨਾਂ ਨੇ ਇਕ ਸੱਥ ਵਿਚ ਸਪੱਸ਼ਟ ਕਹਿ ਦਿਤਾ ਕਿ ਰਾਮ ਸਿੰਘ ਨੂੰ ਦੋਹਰੀ ਮਾਰ ਪਈ ਹੈ। ਇਕ ਉਸਦਾ ਝੋਟਾ ਮੋਇਆ, ਮਾਲੀ ਨੁਕਸਾਨ ਹੋਇਆ। ਦੂਸਰਾ ਉਹ ਧਾਰਮਿਕ ਬਿਰਤੀ ਵਾਲਾ ਹੈ, ਉਸਨੂੰ ਵਢੀ ਦੇਣੀ ਪਈ ਜੋ ਧਰਮ ਵਿਚ ਪਾਪ ਗਿਣਿਆ ਜਾਂਦਾ ਹੈ। ਸੰਤ ਚੰਨਣ ਸਿੰਘ ਇਕ ਨਿਵੇਕਲੀ ਅਵਸਥਾ ਦਾ ਮਨੁੱਖ ਹੈ। ਉਸਨੇ ਭੋਲਾ ਸਿੰਘ ਸਰਪੰਚ ਨੂੰ ਸੁਨੇਹਾ ਭੇਜ ਕੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਇਕ ਤਾਂ ਗੁਰਸਿੱਖ ਦਾ ਝੋਟਾ ਮੋਇਆ ਉਪਰੋਂ ਪੁਲਿਸ ਨੂੰ ਹਰਜਾਨਾ ਅਤੇ ਵਢੀ ਦੇਵੇ। ਉਹ ਕਿਹੜੀ ਸਰਕਾਰ ਹੈ ਜਿਹੜੀ ਗਰੀਬ ਦਾ ਨੁਕਸਾਨ ਪੂਰਾ ਕਰਦੀ ਹੈ। ਗਰੀਬਾਂ ਉੱਤੇ ਹੋਈ ਧਿੰਗਾਜੋਰੀ, ਸਚੇ ਸੁੱਚੇ ਇਨਸਾਨਾਂ ਤੇ ਹੋਈਆਂ ਵਧੀਕੀਆਂ, ਮਜਲੂਮਾਂ ਉੱਤੇ ਹੋਇਆ ਧੱਕਾ ਟਕਰਾਉ ਦੀ ਸਥਿਤੀ ਪੈਦਾ ਕਰਦਾ ਹੈ। ਸਰਕਾਰੀ ਮਸ਼ੀਨਰੀ ਉਸ ਆਦਰਸ਼ਕ ਟਕਰਾਉ ਨੂੰ ਦਬਾਉਂਦੀ ਹੈ ਜਿਸ ਸਦਕਾ ਹਿਰਖ ਤੇ ਅਣਖ ਦੀ ਲਹਿਰ ਪੈਦਾ ਹੁੰਦੀ ਹੈ।

**੬.** ਪੰਜਾਬ ਦੇ ਲੋਕਾਂ ਦੀ ਬਿਰਤੀ ਧਾਰਮਿਕ ਹੈ। ਮਹੱਤਵਪੂਰਨ ਕੰਮ ਨੂੰ

ਕਾਰਜ ਕਹਿ ਕੇ ਪੁਕਾਰਦੇ ਹਨ ਅਤੇ ਸ਼ਗਨਾਂ ਨਾਲ ਸ਼ੁਰੂ ਕਰਦੇ ਹਨ। ਵਿਆਹ ਸਾਡੇ ਸਮਾਜ ਦਾ ਇਕ ਅਹਿਮ ਜੋੜ ਮੇਲਾ ਹੈ। ਵਿਆਹ ਵਿਚ ਸਭ ਰਿਸ਼ਤੇ ਦਾਰ ਅਤੇ ਸਕੇ ਸਬੰਧੀ ਪੁਜਦੇ ਹਨ। ਸੌਖੇ ਵੇਲਿਆਂ ਦਾ ਸਮਾਂ ਹੈ। ਸਾਡੇ ਪਿੰਡ ਵਿਚ ਭਾਈ ਕਰਮ ਸਿੰਘ ਦਾ ਬੜਾ ਪ੍ਰਭਾਵ ਸੀ। ਕਰਮ ਕੌਰ ਜੱਟੀ ਜਿਸਨੂੰ ਕਰਮੋ ਹੀ ਕਿਹਾ ਜਾਂਦਾ ਸੀ ਨੇ ਆਪਣੀ ਕੁੜੀ ਰੇਸ਼ੋ ਯਾਨੀ ਰੇਸ਼ਮ ਕੌਰ ਦਾ ਵਿਆਹ ਰੱਖ ਲਿਆ। ਕਰਮੋ ਜਨਾਨੀ ਬੜੀ ਚੜ੍ਹਤ ਵਾਲੀ ਹੈ। ਉਸਨੇ ਭਾਈ ਕਰਮ ਸਿੰਘ ਕੋਲ ਵਿਆਹ ਦੀਆਂ ਰਸਮਾਂ ਪੂਰੀਆਂ ਕਰਨ ਲਈ ਜਾ ਬੇਨਤੀ ਕੀਤੀ। ਭਾਈ ਕਰਮ ਸਿੰਘ ਨੇ ਕਰਮੋ ਨੂੰ ਵਿਆਹ ਦਾ ਸਹੀ ਵਕਤ ਦੱਸਦਿਆਂ ਹੋਇਆਂ ਕਿਹਾ ਕਿ ਪੰਜ ਸੱਤ ਸਿੰਘ ਸੱਦਕੇ ਗੁਰ ਮਰਯਾਦਾ ਅਨੁਸਾਰ ਆਨੰਦ-ਕਾਰਜ ਕਰ ਦਿਓ। ਸਿੱਖਾਂ ਵਿਚ ਸਧਾਰਨ ਤੇ ਗੁਰਮਰਯਾਦਾ ਅਨੁਸਾਰ ਹੀ ਆਨੰਦ ਕਾਰਜ ਸੋਭਾ ਦਿੰਦਾ ਹੈ। ਕਰਮੋ ਨੇ ਮਟਕ ਨਾਲ ਜਵਾਬ ਦਿੱਤਾ, "ਅਸੀਂ ਤਾਂ ਸਭ ਲਾਣਾ ਸਦਣਾ ਹੈ, ਬਰਾਤ ਵੀ ਪਹਿਲੇ ਵਿਆਹ ਦੀ ਹੈ। ਨਾਲੇ ਸਾਡੇ ਕਿਹੜਾ ਆਟਾ ਪਾਣੀ ਘੱਟ ਹੈ। ਜਿਹੜਾ ਆਵੇਗਾ ਆਪਣੀ ਕਿਸਮਤ ਦਾ ਖਾ ਜਾਵੇਗਾ। ਭਾਈ ਜੀ ਤੁਸੀਂ ਤਾਂ ਲਾਵਾਂ ਹੀ ਕਰਾਉਣੀਆਂ ਹਨ। ਤੁਹਾਨੂੰ ਜਨੇਤ ਨਾਲ ਕੀ? ਨਾਲੇ ਅੱਜ ਕੱਲ ਤਾਂ ਜੰਞ ਮਨ ਭਾਉਂਦਾ ਖਾਣਾ ਮੰਗਦੀ ਹੈ। ਪੁਰਾਣੀਆਂ ਗੱਲਾਂ ਛੱਡੋ। ਅਸੀਂ ਤਾਂ ਕੋਈ ਉਚੇਚ ਨਹੀਂ ਕਰਨੀ। ਗੁਰੂ ਨੇ ਸਭ ਕੁਝ ਦਿਤਾ ਹੈ। ਅਸੀਂ ਸੰਤਾਂ ਨੂੰ ਉਚੇਚਾ ਸੱਦਣਾ ਹੈ। ਚੜ੍ਹਦੇ ਨਰਾਤਿਆਂ ਦਾ ਵਿਆਹ ਰੱਖਿਆ ਹੋਇਆ ਹੈ।"

੭. ਜਦੋਂ ਦਾ ਰਾਮ ਸਿੰਘ ਦਾ ਝੋਟਾ ਮੋਇਆ, ਪੈਸੇ ਅਤੇ ਸ਼ਰਾਬ ਦੇਣੀ ਪਈ ਉਦੋਂ ਤੋਂ ਉਹ ਹੋਰ ਵੀ ਗੰਭੀਰ ਰਹਿਣ ਲੱਗ ਪਿਆ। ਕੋਮਲ ਸਿੰਘ ਲਾਡਲਾ ਦਸਵੀਂ ਪਾਸ ਕਰ ਗਿਆ। ਉਸਨੂੰ ਕਾਫੀ ਹੌਸਲਾ ਹੋਇਆ। ਸੰਤਾਂ ਤੋਂ ਅਸ਼ੀਰਵਾਦ ਲਈ ਅਤੇ ਕੋਮਲ ਨੂੰ ਕਾਲਜ ਵਿਚ ਦਾਖਲ ਕਰਵਾ ਦਿਤਾ। ਭਾਵੇਂ ਕਿਰਸਾਨੀ ਕਰਕੇ ਹੱਥ ਤੰਗ ਸੀ ਫਿਰ ਵੀ ਆਸ ਤੇ ਜੱਗ ਜਿਉਂਦਾ ਹੈ। ਨਾਲੇ ਕੋਮਲ ਸਿੰਘ ਤਾਂ ਖੇਤੀਬਾੜੀ ਵਿਚ ਬਹੁਤ ਹੱਥ ਵਟਾਉਂਦਾ ਹੈ। ਗੁਰਦੁਆਰੇ ਜਾਂਦਾ, ਭਾਈ ਜੀ ਨਾਲ ਪਾਠ ਵੀ ਕਰਦਾ ਤੇ ਕਰਾਉਂਦਾ। ਕਈਆਂ ਨੂੰ ਗੁਰੂ

ਘਰ ਵਿਚ ਆਉਣ ਲਈ ਪ੍ਰੇਰਦਾ। ਸਾਥੀਆਂ ਨੂੰ ਬੁਰੀਆਂ ਆਦਤਾਂ ਤੋਂ ਰੋਕਦਾ। ਆਪਣੀ ਪੜ੍ਹਾਈ ਵਿਚ ਪੂਰੀ ਲਗਨ। ਸਾਥੀਆਂ ਨੂੰ ਦ੍ਰਿੜਤਾ ਨਾਲ ਪੜ੍ਹਨ ਲਈ ਜ਼ੋਰ ਦਿੰਦਾ। ਇਹ ਗੁਰ ਸੰਗਤ ਦਾ ਪ੍ਰਭਾਵ ਹੈ। ਬੇਬੇ ਕਰਮੋ ਉਹਨਾਂ ਦੀ ਗੁਆਂਢਣ ਹੈ। ਦਰ ਉੱਤੇ ਦਰ ਹੈ। ਵਿਆਹ ਸਮੇਂ ਕਾਫੀ ਜੰਞ ਸੀ। ਰਿਸ਼ਤੇ ਦਾਰ ਵਧ ਚੜ੍ਹਕੇ ਆਏ। ਪੂਰਾ ਮੇਲ ਸੀ। ਜੰਞ ਵੀ ਇਕੋਤਰੀ ਤੇ ਮੇਲ ਵੀ ਢੁਕਵਾਂ। ਭਾਵੇਂ ਵਿਆਹ ਸਾਹ ਦਿਹਾੜੀ ਦਾ ਸੀ, ਜੰਞ ਵੇਲੇ ਸਿਰ ਅੱਪੜ ਗਈ, ਮਿਲਣੀ ਹੋਈ। ਜਾਂਞੀਆਂ ਤੇ ਮੇਲੀਆਂ ਨੇ ਚਾਹ ਪਾਣੀ ਪੀਤਾ। ਕਈ ਤਰ੍ਹਾਂ ਦੀਆਂ ਮਠਿਆਈਆਂ, ਪਕੌੜੇ, ਅੰਡਿਆਂ ਦੀ ਭੁਰਜੀ ਆਦਿ ਸਨ। ਚੰਗੀ ਸਜ-ਧੱਜ ਸੀ। ਇਉਂ ਭਾਸਦਾ ਸੀ ਕਿ ਕਰਮੋ ਨੇ ਆਪਣੀ ਵਿੱਤ ਤੋਂ ਵੱਧ ਜਸ਼ਨ ਕੀਤਾ। ਵੱਡਾ ਸ਼ਾਹ ਵੀ ਵਿਆਹ ਤੇ ਹਾਜ਼ਿਰ ਸੀ। ਜਨੇਤ ਦੀ ਰੋਟੀ ਲਈ ਵੱਖਰਾ ਸਾਜੋ-ਸਮਾਨ ਤਿਆਰ ਹੋ ਰਿਹਾ ਸੀ। ਸ਼ਾਹ ਨੇ ਰਾਮ ਸਿੰਘ ਦਾ ਹਾਲ ਚਾਲ ਪੁੱਛਿਆ ਤੇ ਗੱਲਾਂ ਗੱਲਾਂ ਵਿਚ ਹੀ ਕਹਿ ਗਿਆ ਕਿ ਕਰਮੋ ਨੇ ਬੁੱਤਾ ਸਾਰ ਲਿਆ ਹੈ। ਲੈਣੇ ਦੇਣੇ ਬਣਦੇ ਹਨ। ਨਾਸ਼ਤੇ ਤੋਂ ਬਾਅਦ ਭਾਈ ਕਰਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਸ਼ਾਦੀ ਦਾ ਆਰੰਭ ਹੋਣ ਲੱਗਾ। ਜਨੇਤੀਆਂ ਵਿਚੋਂ ਹੀ ਕਿਸੇ ਨੇ ਕਿਹਾ ਕਿ ਲਾਵਾਂ ਬਾਰਾਂ ਵਜੇ ਤੋਂ ਪਹਿਲਾਂ ਹੋਣੀਆਂ ਚਹੀਦੀਆਂ ਹਨ। ਭਾਈ ਜੀ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਅਨੰਦ ਕਾਰਜ ਸਮੇਂ ਦਾ ਪਾਬੰਦ ਨਹੀਂ, ਸਹਿਜ ਅਵਸਥਾ ਗੁਰਮਤਿ ਦਾ ਪਾਬੰਦ ਹੈ। ਗੁਰਮਤਿ ਅਨੁਸਾਰ ਆਨੰਦ ਕਾਰਜ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ। ਸਿੱਖੀ ਅੰਮ੍ਰਿਤ ਵੇਲੇ ਦੀ ਪਾਬੰਦ ਹੈ। ਕਿਸੇ ਨੇ ਕਿਹਾ ਕਿ ਸ਼ਬਦ ਕੀਰਤਨ ਘੱਟ ਕਰ ਲਵੋ ਲਾਵਾਂ ਬਾਰਾਂ ਵਜੇ ਤੋਂ ਪਹਿਲਾ ਕਰਾਓ। ਉਲਝਣ ਨੂੰ ਭਾਂਪਦਿਆਂ ਹੋਇਆਂ ਭਾਈ ਜੀ ਨੇ ਆਨੰਦ ਕਾਰਜ ਛੇਤੀਂ ਕਰਵਾਇਆ। ਅਰਦਾਸ ਹੋਈ। ਸੰਤ ਚੰਨਣ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਕਿ ਉਹ ਬੱਚਿਆਂ ਨੂੰ ਆਸ਼ੀਰਵਾਦ ਦੇਣ। ਸੰਤਾਂ ਨੇ ਸਮੂਹ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰੂ ਗ੍ਰੰਥ ਸਾਹਿਬ ਨੂੰ ਸੀਸ ਨਿਵਾਇਆ। ਸੰਤ ਕਹਿਣ ਲੱਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਨਾਮੇ ਤੋਂ ਉਪਰ ਮੇਰੇ ਕੋਲ ਕੋਈ ਸਿੱਖਿਆ ਨਹੀਂ। ਆਪਾਂ ਗੁਰੂ ਨਾਨਕ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਚੱਲਣਾ ਹੈ। ਗੁਰਮਤਿ

ਅਨੁਸਾਰ ਜੀਵਨ ਬਤਾਉਣਾ ਹੈ। ਪਰਸਪਰ ਪਿਆਰ ਬਣਿਆ ਰਹੇ। ਨਸ਼ਿਆਂ ਵਿਚ ਨਹੀਂ ਪੈਣਾ। ਗੋਸ਼ਤ ਆਦਿ ਤੋਂ ਗੁਰੇਜ਼ ਕਰਨਾ ਹੈ। ਅਸਾਂ ਹਲੀਮੀ ਅਤੇ ਸਹਿਜ ਅਵਸਥਾ ਵਿਚ ਪ੍ਰਗਟ ਹੋਣਾ ਹੈ। ਹਉਮੈ ਤਿਆਗਣੀ ਹੈ ਪਰਪੰਚ ਨਹੀਂ ਕਰਨਾ। ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਸਰਪੰਚ ਭੋਲਾ ਸਿੰਘ ਨੂੰ ਸੁਝਾਅ ਦਿਤਾ ਕਿ ਉਹ ਘੱਟ ਤੋਂ ਘੱਟ ਜੰਞ ਮੰਗਵਾਏ ਅਤੇ ਬਾਹਰ ਭਿਜਵਾਏ ਅਤੇ ਸਾਦਾ ਵਿਆਹ ਕਰਵਾਉਣ ਲਈ ਮਤਾ ਪਾਸ ਕਰਵਾਵੇ। ਆਨੰਦ ਕਾਰਜ ਤੋਂ ਬਾਅਦ ਸ਼ਾਦੀ ਦੀਆਂ ਹੋਰ ਰਸਮਾਂ ਹੋਣ ਲੱਗ ਪਈਆਂ। ਸੰਗਤ ਬੈਠੀ ਦੇਖ ਕੇ ਕੋਮਲ ਸਿੰਘ ਨੂੰ ਸੰਤਾਂ ਨੇ ਕਿਹਾ ਕਿ ਇਹ ਨੌਜਵਾਨ ਵੀ ਆਪਣੇ ਵਿਚਾਰ ਪੇਸ਼ ਕਰੇਗਾ। ਕੋਮਲ ਸਿੰਘ ਉਠਿਆ ਫਤਹਿ ਬੁਲਾਈ, ਗੁਰੂ ਅੱਗੇ ਸਿਰ ਝੁਕਾਇਆ, ਕਹਿਣ ਲੱਗਾ ਗੁਰੂ ਪਿਆਰੀ ਸਾਧ ਸੰਗਤ ਮੇਰਾ ਕਾਲਜ ਦਾ ਤਜਰਬਾ ਇਹ ਕਹਿੰਦਾ ਹੈ ਕਿ ਆਪਾਂ ਕਰਜੇ ਵਿਚ ਨਾ ਫਸੀਏ, ਰਸਮਾਂ ਰਿਵਾਜ਼ਾਂ ਤੇ ਖਰਚ ਘੱਟ ਕਰ ਦੇਈਏ, ਗੁਰੂ ਕਾ ਲੰਗਰ ਹੀ ਵਰਤੇ, ਸ਼ਰਾਬ ਮਾਸ ਛੱਡ ਦੇਈਏ। ਸਭ ਤੋਂ ਪਹਿਲਾਂ ਸਾਡਾ ਸਰਪੰਚ ਪੀਣੀ ਛੱਡੇ। ਪੰਚਾਂ ਵਿਚੋਂ ਜਿਹੜੇ ਤੰਬਾਕੂ ਦਾ ਸੇਵਨ ਕਰਦੇ ਹਨ, ਉਹ ਤੰਬਾਕੂ ਦਾ ਸੇਵਨ ਕਰਨਾ ਛੱਡਣ। ਜਦ ਜੰਞ ਸਾਡੇ ਪਿੰਡ ਤੋਂ ਜਾਵੇ ਗਿਆਰਾਂ ਬੰਦੇ ਜਾਣ, ਭਾਈ ਕਰਮ ਸਿੰਘ ਨੇ ਵੀ ਹਾਂ ਮਿਲਾ ਦਿਤੀ ਅਤੇ ਕਿਹਾ ਆਨੰਦ ਕਾਰਜ ਅੰਮ੍ਰਿਤ ਵੇਲੇ ਹੋਣ। ਆਪਣੀ ਛੋਟੀ ਜਿਹੀ ਤਕਰੀਰ ਵਿਚ ਕੋਮਲ ਨੇ ਸਪਸ਼ਟ ਕਹਿ ਦਿਤਾ ਕਿ ਜੰਞ ਲਈ ਕਬਾਬ ਬਣਾਇਆ ਜਾ ਰਿਹਾ ਹੈ। ਸ਼ਰਾਬ ਲਿਆਂਦੀ ਹੋਈ ਹੈ। ਮੇਲੀਆਂ ਲਈ ਵੀ ਸ਼ਰਾਬ ਦੀਆਂ ਪੇਟੀਆਂ ਪਈਆਂ ਹਨ। ਸਾਦਾ ਵਿਆਹ ਤੇ ਸਾਦਾ ਖਾਣਾ ਹੀ ਸਾਡਾ ਮਨੋਰਥ ਪੂਰਾ ਕਰ ਸਕਦਾ ਹੈ। ਇਹ ਕਹਿ ਕੇ ਕੋਮਲ ਬੈਠ ਗਿਆ। ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਆਪਣੇ ਨਿੱਜੀ ਅਸਥਾਣ ਤੇ ਪਹੁੰਚਾਇਆ ਗਿਆ। ਵਿਆਹ ਵਾਲੇ ਘਰ ਵਿਚ ਤੂੰ-ਤੂੰ, ਮੈਂ-ਮੈਂ ਹੋ ਗਈ। ਇਕ ਘੜਮਸ ਜਿਹਾ ਪੈ ਗਿਆ। ਹਰ ਕੋਈ ਜਿਵੇਂ ਬੱਝਾ ਖੜਾ ਹੋਵੇ। ਹਰ ਕੋਈ ਗੱਲ ਕਰਨ ਨੂੰ ਤਿਆਰ ਸੀ। ਜੰਞ ਡੇਰੇ ਗਈ। ਕਰਮੋ ਅਤੇ ਸਰਪੰਚ ਭੋਲਾ ਸਿੰਘ ਕੋਮਲ ਸਿੰਘ ਦੇ ਮਗਰ ਪੈ ਗਏ ਕਿ ਉਸਨੇ ਸਭ ਦਾ ਨੱਕ ਵੱਢ ਦਿਤਾ ਹੈ। ਕਈ ਬੰਦਿਆਂ ਨੇ ਕੋਮਲ ਸਿੰਘ ਨੂੰ



www.punjabilibrary.com 

ਧੱਕੇ-ਮੁੱਕੇ ਕੀਤੀ। ਉਸਦੇ ਅਵੇਸਲੀਆਂ ਸੱਟਾਂ ਲੱਗੀਆਂ। ਸੰਤਾਂ ਨੇ ਰੋਟੀ ਨਾ ਖਾਧੀ ਅਤੇ ਆਪਣੇ ਡੇਰੇ ਨੂੰ ਚਲੇ ਗਏ। ਵਿਆਹ ਸਮੇਂ ਮੇਲੀਆਂ ਵਿੱਚ ਇਕ ਸੁਧਾਰਾ ਸਿੰਘ ਨਾਮ ਦਾ ਇਕ ਭਲਾ ਜਿਹਾ ਪੁਰਸ਼ ਆਇਆ ਹੋਇਆ ਸੀ ਜੋ ਸਭ ਕੁਛ ਦੇਖ ਸੁਣ ਰਿਹਾ ਸੀ। ਉਹ ਬੜਾ ਠਰੰਮ੍ਹੇ ਵਾਲਾ ਬੰਦਾ ਸੀ। ਕਰਮੋਂ ਦਾ ਦੂਰੋਂ ਪਾਰੋਂ ਭਰਾ ਲਗਦਾ ਸੀ। ਉਸਦਾ ਪਰਿਵਾਰ ਨਾਨਕਿਆਂ ਨਾਲ ਨਾਨਕੀਸ਼ਕ ਲੈ ਕੇ ਆਇਆ ਹੋਇਆ ਸੀ। ਉਸਦੇ ਨਾਲ ਆਇਆ ਹੋਇਆ ਮੇਲ, ਮੁੰਡੇ ਕੁੜੀਆਂ ਵਿਆਹ ਦੇ ਕੰਮ ਵਿੱਚ ਪੂਰੀ ਵਾਹ ਨਾਲ ਹੱਥ ਵਟਾ ਰਹੇ ਸਨ। ਸੁਧਾਰਾ ਸਿੰਘ ਫੱਤੂਪੁਰ ਪਿੰਡ ਦਾ ਵਸਨੀਕ ਸੀ। ਫੱਤੂਪੁਰ ਵੀ ਨਵਾਂ ਵਸਿਆ ਸੀ, ਪਹਿਲਾਂ ਮੁਸਲਮਾਨ ਭਾਰਾਵਾਂ ਦਾ ਪਿੰਡ ਹੁੰਦਾ ਸੀ। ਉਹ ਸਾਰੇ ਉਨ੍ਹਾਂ ਇਲਾਕਿਆਂ ਵਿੱਚ ਚਲੇ ਗਏ ਸਨ ਜਿਥੋਂ ਉਹ ਉਜੜ ਕੇ ਆਏ ਸਨ। ਉਸਨੇ ਸੰਨ ਸੰਤਾਲੀ ਦੇ ਸਭ ਰੌਲੇ ਰੱਪੇ ਅੱਖੀਂ ਵੇਖੇ ਸਨ। ਉਸਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਅਜ਼ਾਦੀ ਵੇਲੇ ਉਸਦੇ ਵੱਡੇ ਵੱਡੇਰਿਆਂ ਨੇ ਕਿਵੇਂ ਦੁੱਖ ਝੱਲੇ ਸਨ। ਉਹ ਹਰ ਗੱਲ ਬੜੇ ਸਲੀਕੇ ਨਾਲ ਕਰਦਾ ਸੀ। ਕੋਮਲ ਸਿੰਘ ਵਲੋਂ ਕੀਤੀਆਂ ਗੱਲਾਂ ਦਾ ਪੂਰਾ ਹਾਮੀ ਸੀ। ਕਿਉਂਕਿ ਭੈਣ ਦੇ ਘਰ ਵਿਆਹ ਸੀ ਇਸ ਲਈ ਉਸਨੇ ਚੁੱਪ ਰਹਿਣਾ ਭਲਾ ਸਮਝਿਆ। ਕਈ ਬੰਦੇ ਕੁਰੀਤੀਆਂ ਨੂੰ ਵੇਖਦੇ ਹੋਏ ਵੀ ਨਜਰ ਅੰਦਾਜ ਕਰਦੇ ਹਨ। ਸਾਡੇ ਵਿਆਹ ਸ਼ਾਦੀਆਂ ਵਿੱਚ ਪੈਂਦੇ ਖਰੂਦ ਖਰਾਬੀਆਂ ਵੱਲ ਧਿਆਨ ਨਾ ਦੇਣ ਦਾ ਸ਼ਾਇਦ ਇਹੋ ਮਤਲਬ ਸਮਝਿਆ ਜਾਂਦਾ ਹੈ ਕਿ ਦੇਖ ਕੇ ਅਣਡਿਠ ਕੀਤਾ ਜਾਏ।

**੮.** ਭਾਈ ਕਰਮ ਸਿੰਘ ਨੂੰ ਰੋਟੀ ਦੀ ਅਰਦਾਸ ਲਈ ਕਿਹਾ, ਉਹ ਆ ਗਿਆ। ਅਰਦਾਸ ਤੋਂ ਬਾਅਦ ਰੋਟੀ ਖਾਧੀ ਗਈ। ਜੰਞ ਦੀ ਵਿਦਾਇਗੀ ਦੀ ਤਿਆਰੀ ਹੋਈ। ਵਿਚੋਂ ਲਮਕਦੇ ਉਲਾਹਮਿਆਂ ਸਬੰਧੀ ਘੁਸਰ ਮੁਸਰ ਹੋ ਗਈ। ਆਖਰ ਲੌਢੇ ਵੇਲੇ ਤੋਂ ਕੁਝ ਸਮਾਂ ਬਾਅਦ ਕੁੜੀ ਵਿਦਾ ਹੋ ਗਈ। ਕੁੜੀ ਵਿਦਾ ਹੋਣ ਤੋਂ ਬਾਅਦ ਪਿੰਡ ਦਾ ਇਕੱਠ ਹੋਇਆ। ਮੁਹੱਲੇ ਵਾਲੇ ਬੜਾ ਉਬਲੇ ਫਿਰਦੇ ਸਨ। ਕੋਮਲ ਸਿੰਘ ਅਤੇ ਉਸਦਾ ਪਿਤਾ ਰਾਮ ਸਿੰਘ ਸੱਦਿਆ ਗਿਆ। ਉਹਨਾਂ ਦੀ ਦੁਬਾਰਾ ਬੇਇਜ਼ਤੀ ਕੀਤੀ ਗਈ। ਦੋਹਾਂ ਨੂੰ ਸਖਤ ਤਾੜਨਾ ਕੀਤੀ

ਗਈ। ਕਿਹਾ ਗਿਆ ਕਿ ਤੁਹਾਨੂੰ ਇਕ ਵਾਰੀ ਮਾਫ ਕਰ ਦਿੰਦੇ ਹਾਂ, ਨਹੀਂ ਤਾਂ ਤੁਹਾਨੂੰ ਥਾਣੇ ਦੁਆ ਦਿਆਂਗੇ। ਤੂੰ ਨਹੀਂ ਸ਼ਰਾਬ ਪੀਣੀ ਤਾਂ ਨਾ ਪੀ ਪਰ ਬਾਕੀਆਂ ਦੀ ਕਿਉਂ ਬੇਇਜ਼ਤੀ ਕਰਾਉਂਦਾ ਹੈ। ਰਾਮ ਸਿੰਘ ਹਲੀਮੀ ਨਾਲ ਬੋਲਿਆ ਮੈਂ ਮੁੰਡੇ ਨੂੰ ਸਮਝਾਵਾਂਗਾ। ਪਰ ਤੁਸੀਂ ਕੋਮਲ ਦੇ ਕਹਿਣ ਨੂੰ ਬੇਇਜ਼ਤੀ ਸਮਝਦੇ ਹੋ, ਮੈਂ ਉਸਨੂੰ ਬੇਇਜ਼ਤੀ ਸਮਝਦਾ ਹਾਂ ਜਦ ਰੋਟੀ ਵੇਲੇ ਜਨੇਤੀਆਂ ਵਿਚੋਂ ਇਕ ਸ਼ਰਾਬੀ ਨੂੰ ਕੈਅ ਆਈ ਸੀ। ਉਸਨੇ ਕਈਆਂ ਦੇ ਕਪੜੇ ਲਿਬੇੜ ਦਿੱਤੇ ਸਨ। ਰੋਟੀ ਬੇਸੁਆਦੀ ਕੀਤੀ ਅਤੇ ਬਾਕੀ ਉਸਨੂੰ ਚੱਕ ਕੇ ਜੰਵਘਰ ਲੈ ਗਏ। ਫਿਰ ਵੀ ਅਸੀਂ ਮੁਆਫੀ ਮੰਗਦੇ ਹਾਂ। ਕੋਮਲ ਸਿੰਘ ਬੜਾ ਪਰਵੀਨ ਬੁੱਧੀ ਵਾਲਾ ਨੌਜਵਾਨ ਹੈ, ਨਾਲ ਹੀ ਕਾਲਿਜ ਦੀ ਪੜ੍ਹਾਈ ਦਾ ਅਸਰ। ਸਭ ਕੁਝ ਸੁਣਕੇ ਕਹਿਣ ਲੱਗਾ ਕਿ ਕਿੰਨੀ ਵਾਰੀ ਕੁਫਰ ਬੋਲੋਗੇ ਕਿ ਸੱਚ ਬਣ ਜਾਵੇਗਾ। ਕਿੰਨੀਆਂ ਕੁਰੀਤੀਆਂ ਕਰੋਗੇ ਕਿ ਰਸਮੋ ਰਿਵਾਜ਼ ਬਣ ਜਾਣਗੇ। ਜਨੇਤ ਤੁਰਨ ਤੋਂ ਬਾਅਦ ਨਾਨਕਾਮੇਲ ਨੇ ਵੀ ਤੁਰਨਾ ਹੁੰਦਾ ਹੈ। ਨਾਨਕਾਮੇਲ ਵਾਲੇ ਆਪਣੀ ਸਾਰੀ ਜ਼ਿੰਮੇਵਾਰੀ ਵੀ ਸਮਝਦੇ ਹਨ। ਵਿਆਹ ਵਿੱਚ ਸਿਠਣੀਆਂ ਦੇਣੀਆਂ ਆਮ ਰਿਵਾਜ਼ ਹੈ। ਨਾਲ ਹੀ "ਵਿਆਹ ਵਿੱਚ ਸਿਠਣੀਆਂ ਤੇ ਲੜਾਈ ਵਿੱਚ ਮਿਹਣੇ" ਇਥੇ ਦੋਨੋ ਮੌਜੂਦ ਸਨ। "ਫਿਰ ਵੀ ਅਸੀਂ ਮਾਫੀ ਮੰਗਦੇ ਹਾਂ।" ਸੁਧਾਰਾ ਸਿੰਘ ਨੇ ਜਦੋਂ ਇਹ ਲਫਜ਼ ਸੁਣੇ ਤਾਂ ਬੋਲ ਪਿਆ ਕਿ ਜੋ ਕੁਛ ਮੇਰੀ ਭੈਣ ਦੇ ਘਰ ਹੋਇਆ ਹੈ, ਉਹ ਕੇਵਲ ਅਤੇ ਕੇਵਲ ਜਜ਼ਬਾਤੀ ਹੋਇਆ ਹੈ। ਕੋਈ ਲਾਗ-ਡਾਟ ਨਹੀਂ ਅਤੇ ਨਾ ਹੀ ਕਿਸੇ ਸ਼ਰੀਕੇਬਾਜੀ ਦੀ ਸ਼ਹਿ ਹੈ। ਇਹ ਮਨਮਤਿ ਅਤੇ ਗੁਰਮਤਿ ਦਾ ਟਕਰਾਓ ਹੈ। ਇਨ੍ਹਾਂ ਗੱਲਾਂ ਵਿੱਚ ਮੈਂ ਕਿਸੇ ਧੜੇ ਦੇ ਹੱਕ ਵਿੱਚ ਨਹੀਂ ਹਾਂ। ਕੋਮਲ ਸਿਆਂ ਤੈਨੂੰ ਮੈਂ ਜਰੂਰ ਮਿਲੂੰਗਾ। ਇੱਦਾਂ ਦੇ ਝਮੇਲੇ ਕਈ ਪੈਂਦੇ ਹਨ, ਘਬਰਾਈਦਾ ਨਹੀਂ। ਇਹ ਕਹਿ ਕੇ ਨਾਨਕੇ ਵੀ ਵਿਦਾ ਹੋ ਗਏ ਅਤੇ ਨਾਨਕਿਆਂ ਦੀਆਂ ਸਿਠਣੀਆਂ ਵੀ ਫਿੱਕੀਆਂ ਹੋ ਗਈਆਂ।

**੯.** ਉੱਧਰ ਭਾਈ ਕਰਮ ਸਿੰਘ ਘਬਰਾ ਗਿਆ। ਸਰਪੰਚ ਅਤੇ ਉਸਦੀ ਜੁੰਡਲੀ ਨੇ ਭਾਈ ਕਰਮ ਸਿੰਘ ਨੂੰ ਗੁਰਦੁਆਰੇ ਤੋਂ ਚਲੇ ਜਾਣ ਲਈ ਆਖ ਦਿਤਾ। ਬੇਸ਼ੱਕ ਭਾਈ ਕਰਮ ਸਿੰਘ ਬੜਾ ਸੁਲਝਿਆ ਹੋਇਆ ਸੀ ਪਰ ਉਹ

ਸ਼ਰਾਬੀਆਂ ਨਾਲ ਮੁਕਾਬਲਾ ਨਾ ਕਰ ਸਕਿਆ। ਹਾਲਤਾਂ ਨਾਲ ਸਮਝੌਤਾ ਕਰ ਬੈਠਾ। ਇਹੀ ਦੁਨੀਆਂ ਵਿਚ ਚੜ੍ਹਦੀ ਕਲਾ ਦੀ ਹਾਰ ਹੈ। ਗੁਰਦੁਆਰੇ ਤੋਂ ਚਲੇ ਜਾਣ ਦੀ ਚਿਤਾਵਨੀ ਉਪਰੰਤ ਉਹ ਉਪਰਾਮ ਹੋ ਗਿਆ। ਚੌੜ ਚੜਿੱਕਾਂ ਨੇ ਸਮਝ ਲਿਆ ਕਿ ਭਾਈ ਉਹਨਾਂ ਦੇ ਵੱਸ ਹੋ ਗਿਆ ਹੈ। ਉਹਨਾਂ ਨੇ ਸ਼ਾਮ ਨੂੰ ਦੁਬਾਰਾ ਆਖ ਦਿਤਾ ਕਿ ਜੇਕਰ ਤੂੰ ਅੱਗੇ ਤੋਂ ਅਜਿਹੇ ਮੌਕੇ ਤੇ ਖਲਜਗਣ ਪਾਇਆ ਤਾਂ ਤੇਰਾ ਬੋਰੀਆ ਬਿਸਤਰਾ ਉਸੇ ਵਕਤ ਬੰਨ੍ਹ ਦਿਤਾ ਜਾਵੇਗਾ। ਅਗਲੇ ਭਲਕੇ ਭਾਈ ਕਰਮ ਸਿੰਘ ਸੰਤਾਂ ਨੂੰ ਮਿਲਣ ਗਿਆ। ਉੱਥੇ ਰਾਮ ਸਿੰਘ ਵੀ ਬੈਠਾ ਸੀ। ਸਾਰੀ ਵਿਥਿਆ ਸੁਣਾਈ ਗਈ। ਕੋਮਲ ਸਿੰਘ ਦੀ ਸਾਰੀ ਕਹਾਣੀ ਦੱਸੀ ਗਈ। ਸੰਤਾਂ ਨੇ ਬਚਨ ਕੀਤਾ ਕਿ ਕੋਮਲ ਸਿੰਘ ਕਿਸਾਨ ਦਾ ਲੜਕਾ ਹੈ ਪਰ ਹੈ ਸੱਚਾ ਸੁੱਚਾ। ਉਹ ਦੂਰ ਅੰਦੇਸ਼ੀ ਹੋਵੇਗਾ। ਜੋਰਾਵਰਾਂ ਦਾ ਟਾਕਰਾ ਕਰੇਗਾ। ਹਾਲੇ ਜੋਰਾਵਰ ਉਸ ਹੋਣਹਾਰ ਬੱਚੇ ਤੇ ਧੌਂਸਾਂ ਪਾ ਰਹੇ ਹਨ। ਜਦ ਨੌਜਵਾਨਾ ਤੇ ਧੌਂਸਾ, ਚੋਟਾਂ ਤੇ ਡਾਂਗਾਂ ਪੈਂਦੀਆਂ ਹਨ ਤਾਂ ਕੋਮਲ ਸਿੰਘ ਵਰਗੇ ਅਣਖੀ ਪੈਦਾ ਹੁੰਦੇ ਹਨ। ਅਜਿਹੇ ਫੁੱਲਾਂ ਦੀ ਮਹਿਕ ਵਾਤਾਵਰਣ ਵਿਚ ਫੈਲਰਦੀ ਹੈ।

**੧੦.** ਸਾਡਾ ਪਿੰਡ ਕਾਫੀ ਪੁਰਾਣਾ ਭਾਸਦਾ ਹੈ। ਦੁਆਬੇ ਦੀ ਧਰਤੀ ਕਿਸਾਨੀ ਧਰਤੀ ਹੈ। ਇਥੇ ਕਿਸਾਨਾਂ ਦਾ ਬਹੁਤ ਯੋਗਦਾਨ ਹੈ। ਕਿਸਾਨ ਆਪਣੇ ਖੇਤਾਂ ਵਿਚ ਹੀ ਪਸ਼ੂ-ਡੰਗਰ ਰੱਖਦੇ ਹਨ। ਪਿੰਡ ਪੁਰਾਣਾ ਹੋਣ ਕਰਕੇ ਕਾਫੀ ਚੌੜੀ ਸੜਕ ਜਲੰਧਰ ਹੁਸ਼ਿਆਰਪੁਰ ਨੂੰ ਜਾਂਦੀ ਹੈ। ਪਿੰਡ ਸੜਕ ਅਤੇ ਰੇਲਵੇ ਪਟੜੀ ਦੇ ਦਰਮਿਆਨ ਹੈ। ਰੇਲਵੇ ਸਟੇਸ਼ਨ ਵੀ ਕੋਹ ਡੇਢ ਕੋਹ ਤੇ ਹੈ। ਹਵਾਈ ਅੱਡਾ ਹੈ। ਫੌਜੀ ਕਾਰਵਾਈ ਚਲਦੀ ਰਹਿੰਦੀ ਹੈ। ਪੁਲਿਸ ਦੀ ਗਸ਼ਤ ਵੀ ਕਾਫੀ ਰਹਿੰਦੀ ਹੈ। ਸੁਬਾਹ ਸੁਵੇਰਾ ਸੀ। ਸੜਕ ਤੇ ਕੋਈ ਹਾਦਸਾ ਹੋਇਆ ਸੀ। ਸਿਪਾਹੀ ਮੰਜੇ ਡਾਹ ਕੇ ਬੈਠੇ ਸਨ। ਹਾਲੇ ਪ੍ਹ ਫੁਟਾਲਾ ਸੀ। ਘੋੜੀ ਤੇ ਬੈਠਾ ਕੋਈ ਆਉਂਦਾ ਦਿਸਿਆ। ਪਿੱਛੇ ਇਕ ਲਾਲ ਪਗੜੀ ਵਾਲਾ ਸੀ, ਸਿਪਾਹੀ। ਪਿੰਡਾਂ ਦਾ ਆਮ ਰਿਵਾਜ ਹੈ ਕਿ ਉਹ ਪੁਲਸ ਵਾਲੇ ਦੇ ਮੱਥੇ ਲਗਣਾ ਚੰਗਾ ਨਹੀਂ ਸਮਝਦੇ। ਖੈਰ ਇਹ ਇਕ ਵਾਕਿਆ ਸੀ। ਪੁਲਿਸ ਨੂੰ ਰਾਤ ਉੱਥੇ

ਰਹਿਣਾ ਪਿਆ। ਪਰ ਸਵੇਰੇ-ਸਵੇਰੇ ਪੁਲਿਸ ਵਾਲੇ ਹਾਦਸੇ ਦੀ ਥਾਂ ਤੋਂ ਪਰੇ ਖੇਤਾਂ, ਖੂਹਾਂ ਤੇ ਬਹਿਕਾਂ ਤੇ ਘੁੰਮਦੇ ਹਨ। ਆਮ ਤੌਰ ਤੇ ਪੁਲਿਸ ਮੁਖਬਰ ਦੀ ਮੁਖਬਰੀ ਤੇ ਛਾਪਾ ਮਾਰਦੀ ਹੈ। ਪਰ ਇਥੇ ਥਾਣੇਦਾਰ ਕਿਸੇ ਖਾਸ ਛਾਪੇ ਲਈ ਨਹੀਂ ਨਿਕਲਿਆ ਲਗਦਾ। ਉਹ ਤਾਂ ਕੇਵਲ ਫੇਰੀ ਪਾਉਣ ਆਇਆ ਹੈ। ਇਸ ਤਾਕ ਵਿਚ ਸੀ ਕਿ ਕੋਈ ਅਮਲੀ ਅੜਿੱਕੇ ਆ ਹੀ ਜਾਵੇ। ਖੂਹ ਚਲ ਰਿਹਾ ਸੀ। ਉਸ ਨੇ ਕੋਮਲ ਵੱਲ ਵੇਖਿਆ। ਘੋੜੀ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਉਸਨੇ ਘੋੜੀ ਨੂੰ ਪਾਣੀ ਪਿਲਾਉਣਾ ਹੈ। ਸਵੇਰੇ ਸਵੇਰੇ ਘੋੜੀ ਨੇ ਪਾਣੀ ਨਾ ਪੀਤਾ। ਥਾਣੇਦਾਰ ਤੇ ਸਿਪਾਹੀ ਨੇ ਕੋਮਲ ਸਿੰਘ ਨੂੰ ਪੁੱਛਣਾ ਚਾਹਿਆ ਕਿ ਪਿੰਡ ਵਿਚ ਲਾਹਣ ਕੌਣ ਪਾਉਂਦਾ ਹੈ। ਕੋਮਲ ਸਿੰਘ ਪਾਠ ਸ਼ੁਰੂ ਕਰ ਬੈਠਾ ਸੀ। ਉਸਨੇ ਗੱਲ ਮੁਕਾਉਣੀ ਚਾਹੀ ਕਿ ਥਾਣੇਦਾਰ ਜੀ ਤੁਸੀਂ ਲਾਹਣ ਕੀ ਕਰਨੀ ਹੈ। ਇਹ ਅੰਮ੍ਰਿਤ ਵੇਲਾ ਹੈ, ਜਾਪ ਕਰੋ। ਹਾਲੇ ਤਾਂ ਲਗਦਾ ਹੈ ਕਿ ਤੁਸੀਂ ਮੂੰਹ ਵੀ ਨਹੀਂ ਧੋਤਾ। ਮਗਰ ਖੜੇ ਸਿਪਾਹੀ ਦਾ ਵੀ ਇਹੋ ਹਾਲ ਸੀ। ਕੋਮਲ ਸਿੰਘ ਨੇ ਉਹਨਾਂ ਦੀ ਕੋਈ ਆਓ-ਭਗਤ ਨਾ ਕੀਤੀ। ਸਗੋਂ ਨਹੋਰੇ ਨਾਲ ਕਿਹਾ ਕਿ ਸਾਹਿਬ ਤੁਸੀਂ ਤਾਂ ਸ਼ਰਾਬ ਬੰਦ ਕਰਵਾਉਣੀ ਹੈ। ਲਗਦਾ ਹੈ ਕਿ ਤੁਸੀਂ ਆਪ ਤਲਾਸ਼ ਕਰ ਰਹੇ ਹੋ? ਸ਼ਰਾਬ ਛੱਡੋ। ਅੰਮ੍ਰਿਤ ਛਕੋ। ਇਸੇ ਵਿਚ ਹੀ ਸਭ ਦਾ ਭਲਾ ਹੈ। ਅਜਿਹੀ ਛੋਟੀ ਜਿਹੀ ਸਿੱਖਿਆ ਸੁਣਕੇ ਥਾਣੇਦਾਰ ਤੇ ਸਿਪਾਹੀ ਪਿੰਡ ਵੱਲ ਚਲੇ ਗਏ। ਦੇਰ ਸਮੇਂ ਬਾਅਦ ਕੋਮਲ ਸਿੰਘ ਨੂੰ ਪਤਾ ਲੱਗਾ ਕਿ ਪਿੰਡ ਵਿਚ ਸਰਪੰਚ ਨੇ ਉਨਾਂ ਦੀ ਸ਼ਰਾਬ ਨਾਲ ਸੇਵਾ ਕੀਤੀ ਸੀ। ਨਾਲ ਹੀ ਉਨ੍ਹਾਂ ਨੇ ਇਸ਼ਾਰਾ ਕਰ ਦਿਤਾ ਕਿ ਉਹ ਛੋਟਾ ਜਿਹਾ ਮੁੰਡਾ ਬੜਾ ਖਤਰਨਾਕ ਹੋਵੇਗਾ। ਸਰਪੰਚ ਨੇ ਆਪਣੀ ਭੜਾਸ ਕੱਢੀ ਕਿ ਇਹ ਲੜਕਾ ਕਾਲਜੀਏਟ ਹੈ। ਸਰਕਾਰ ਦੀ ਪਰਵਾਹ ਨਹੀਂ ਕਰਦਾ। ਨਾ ਹੀ ਸਹਿਯੋਗ ਦਿੰਦਾ ਹੈ। ਸਰਪੰਚ ਦੀ ਪੁਲਿਸ ਨੂੰ ਦਲੀਲ ਸੀ ਕਿ ਕੋਮਲ ਸਿੰਘ ਇਕ ਬਾਗੀ ਖਿਆਲਾਂ ਦਾ ਲੜਕਾ ਹੈ, ਨਾਸਤਕ ਵੀ ਹੈ। ਪੰਚਾਇਤ ਦੀ ਮੁਖਾਲਫਤ ਵੀ ਕਰਦਾ ਹੈ। ਇਹ ਸ਼ਕ ਹੈ ਕਿ ਅਜਿਹਾ ਮੁੰਡਾ ਹੌਲੀ ਹੌਲੀ ਸਮਾਜ ਵਿਰੋਧੀ ਅਨਸਰ ਬਣਦਾ ਜਾਵੇਗਾ। ਅੱਜ ਸੰਗਰਾਂਦ ਵੀ ਹੈ। ਪਿੰਡ ਵਿਚ ਦੋ ਗੁਰਦੁਆਰੇ ਸੁਸ਼ੋਭਿਤ ਹਨ। ਇਕ ਜੱਟਾਂ ਦਾ ਦੂਜਾ ਤਰਖਾਣਾਂ ਦਾ, ਤੀਜੀ ਧਰਮਸਾਲਾ

ਆਦਿ ਧਰਮੀਆਂ ਦੀ। ਸਵੇਰੇ ਭੋਗ ਸਮੇਂ ਕਾਫੀ ਰੌਣਕਾਂ ਸਨ। ਤਿੰਨਾ ਧਾਰਮਿਕ ਅਸਥਾਨਾਂ ਤੋਂ ਅਵਾਜ਼ਾਂ ਆ ਰਹੀਆਂ ਸਨ। ਅਸੀਂ ਕਿਉਂਕਿ ਜੱਟਾਂ ਵਿਚੋਂ ਸੀ, ਇਸ ਲਈ ਜੱਟਾਂ ਦੇ ਗੁਰਦੁਆਰੇ ਗਏ। ਭੋਗ ਪਿਆ ਸੰਗਤ ਜੁੜੀ। ਭਾਈ ਜੀ ਅਰਦਾਸ ਕਰਨ ਲੱਗੇ। ਇਕ ਨੌਜੁਆਨ ਆਇਆ ਮੱਥਾ ਟੇਕਿਆ। ਭਾਈ ਜੀ ਨੂੰ ਕਹਿਣ ਲੱਗਾ ਕਿ ਅਰਦਾਸ ਉਪਰੰਤ ਇਹ ਸੁਨੇਹਾ ਸੰਗਤ ਨੂੰ ਪੜ੍ਹ ਕੇ ਸੁਣਾ ਦੇਣਾ। ਉਹ ਮੁੱਛ-ਫੁੱਟ ਗਭਰੂ ਝੱਟ ਹੀ ਬਾਹਰ ਚਲੇ ਗਿਆ। ਦੇਖਦਿਆਂ-ਦੇਖਦਿਆਂ ਔਹ ਗਿਆ, ਔਹ ਗਿਆ। ਅਰਦਾਸ ਹੋਈ ਵਾਕ ਲਿਆ ਗਿਆ। ਹੁਕਮਨਾਮਾ ਪਰਾਪਤ ਹੋਇਆ। ਮਹੀਨੇ ਦਾ ਨਾਮ ਲਿਆ ਗਿਆ। ਸਭ ਨੇ ਸਿਰ ਝੁਕਾ ਲਏ। ਵਾਹਿਗੁਰੂ ਵਾਹਿਗੁਰੂ ਦੀ ਧੁੰਨ ਵਜੀ। ਸੰਗਤ ਚੁਪ ਚਾਪ ਪ੍ਰਸਾਦਿ ਲੈਣ ਦੀ ਉਕਸੁਕਤਾ ਵਿਚ ਸੀ। ਭਾਈ ਜੀ ਨੇ ਨੌਜਵਾਨ ਵਲੋਂ ਦਿਤਾ ਰੁੱਕਾ ਖੋਲ੍ਹਿਆ। ਸੰਗਤ ਨੂੰ ਸੰਬੋਧਨ ਕਰਕੇ ਕਹਿਣ ਲਗਾ ਕਿ ਇਹ ਇਕ ਰੁਕਾ ਪਰਾਪਤ ਹੋਇਆ ਹੈ ਜੋ ਸੰਗਤ ਨੂੰ ਸੁਨਾਉਣਾ ਹੈ। ਭਾਈ ਜੀ ਪੜ੍ਹਣ ਲਗੇ। ਗੁਰੂ ਪਿਆਰੀ ਸਾਧ ਸੰਗਤ ਜੀ ਆਪ ਦੇ ਪਿੰਡ ਵਿਚ ਦੋ ਗੁਰਦੁਆਰੇ ਹਨ ਅਤੇ ਇਕ ਧਰਮਸਾਲਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੈ। ਖਾਲਸਾ ਪੰਥ ਨੇ ਦਸਮੇਸ਼ ਪਿਤਾ ਦਾ ਹੁਕਮ ਮੰਨ ਕੇ ਫੈਸਲਾ ਕੀਤਾ ਹੈ ਕਿ ਇਕ ਪਿੰਡ ਵਿਚ ਇਕ ਹੀ ਗੁਰਦੁਆਰਾ ਹੋਵੇਗਾ। ਸਤਿਗੁਰਾਂ ਨੇ ਜਾਤ ਪਾਤ ਰਹਿਤ ਸਮਾਜ ਸਿਰਜਿਆ ਹੈ। ਪਰ ਮਨਮੁੱਖਾਂ ਨੇ ਗੁਰਦੁਆਰਿਆਂ ਦਾ ਨਾਮ ਹੀ ਜੱਟਾਂ, ਰਾਮਗੜੀਆਂ ਆਦਿ ਧਰਮੀਆਂ ਦੇ ਨਾਮ ਤੇ ਰਖ ਲਿਆ ਹੈ। ਆਪ ਨੂੰ ਖਾਲਸਾ ਪੰਥ ਵਲੋਂ ਹੁਕਮ ਹੈ ਕਿ ਪਿੰਡ ਵਿਚ ਇਕ ਗੁਰਦੁਆਰਾ ਚਾਲੂ ਰਖਿਆ ਜਾਵੇ। ਗੁਰਦੁਆਰਿਆਂ ਦੇ ਨਾਮਾਂ ਨਾਲੋਂ ਜੱਟਾਂ, ਰਾਮਗੜ੍ਹੀਆਂ ਆਦਿ ਨਾਮ ਕੱਟ ਦਿਤੇ ਜਾਣ। ਆਦਿ ਧਰਮੀਆਂ ਨੂੰ ਵੀ ਇਕੋ ਗੁਰਦੁਆਰੇ ਲਈ ਪ੍ਰੇਰਿਆ ਜਾਵੇ। ਗੁਰੂ ਦੇ ਸਿੰਘ ਸਜਾਏ ਜਾਣ। ਇਹ ਮਾਮਲਾ ਅਗਲੀ ਸੰਗਰਾਂਦ ਤਕ ਮੁਕੰਮਲ ਹੋਵੇ ਨਹੀਂ ਤਾਂ ਸਿੱਖ ਮਰਯਾਦਾ ਅਨੁਸਾਰ ਦੋਖੀਆਂ ਨੂੰ ਸੋਧਾ ਲਾਇਆ ਜਾਵੇਗਾ। ਪਿੰਡ ਵਿਚ ਬੜੀ ਚਰਚਾ ਹੋਈ ਕਿ ਸਾਡੇ ਪਿੰਡ ਵਿਚ ਅਤਿਵਾਦੀਆਂ ਨੇ ਸੁਨੇਹਾ ਭੇਜਿਆ ਹੈ। ਪਰਾਪਤ ਹੋਏ ਰੁਕੇ ਵਿਚ ਇਹ ਵੀ ਸਪਸ਼ਟ ਸੀ ਕਿ ਗੁਰਦੁਆਰੇ ਦੀ ਕਮੇਟੀ ਦੇ ਮੈਂਬਰ ਅੰਮ੍ਰਿਤਧਾਰੀ ਹੋਣ। ਕੋਈ ਮੈਂਬਰ ਨਸ਼ਿਆਂ ਦਾ ਸੇਵਨ

ਨਾ ਕਰਦਾ ਹੋਵੇ। ਕਿੰਨਾਂ ਉਚਾ ਤੇ ਸੁਚਾ ਵਿਚਾਰ ਸੀ ਕਿ ਗੁਰੂ ਘਰ ਵਿਚ ਜਾਤ ਪਾਤ ਲਈ ਕੋਈ ਥਾਂ ਨਹੀਂ।

**੧੧.** ਇਕੋ ਬਾਟੇ ਵਿਚ ਅੰਮ੍ਰਿਤ ਛਕ ਕੇ ਵੱਖੋ-ਵੱਖਰੇ ਗੁਰਦੁਆਰੇ ਸਥਾਪਤ ਕਰ ਲਏ ਹਨ। ਸਤਿਗੁਰਾਂ ਦੇ ਉਪਦੇਸ਼ ਨੂੰ ਭੁਲ ਕੇ ਗੁਰਦਵਾਰਾ ਕਮੇਟੀਆਂ ਬੁਖਲਾ ਗਈਆਂ। ਸਿੱਖੀ ਦੇ ਸਭ ਅਸੂਲਾਂ ਨੂੰ ਛਿਕੇ ਟੰਗ ਕੇ ਭੋਲਾ ਸਿੰਘ ਅਤੇ ਹੋਰ ਕਮੇਟੀਆਂ ਦੇ ਮੈਂਬਰ ਜਿਹੜੇ ਸਿੱਖੀ ਮਰਯਾਦਾ ਤੋਂ ਅਣਭਿੱਜ ਸਨ, ਥਾਣੇ ਚਲੇ ਗਏ। ਰੁੱਕੇ ਦੀ ਕਹਾਣੀ ਪੁਲਿਸ ਵਾਲਿਆਂ ਨੂੰ ਸੁਣਾ ਦਿੱਤੀ। ਦੇਖੋ ਊਠ ਕਿੱਧਰ ਕਰਵਟ ਲੈਂਦਾ ਹੈ। ਕਮੇਟੀਆਂ ਦੇ ਜਿਹੜੇ ਮੈਂਬਰ ਗੁਰੂ ਘਰ ਵਿਚ ਕਦੇ ਇਕੱਠੇ ਨਹੀਂ ਸੀ ਹੁੰਦੇ, ਉਹ ਰੁੱਕੇ ਵਿਚ ਦਰਜ ਗੁਰਮਤਿ ਦੇ ਅਸੂਲਾਂ ਨੂੰ ਮੰਨਣ ਤੋਂ ਡਰਦੇ ਇਕੱਠੇ ਹੋ ਗਏ। ਪੁਲਿਸ ਨੂੰ ਸਹਾਇਤਾ ਲਈ ਬੇਨਤੀ ਕੀਤੀ ਗਈ ਅਤੇ ਕਿਹਾ ਗਿਆ ਕਿ ਸਾਡੇ ਗੁਰਦੁਆਰਿਆਂ ਦੀ ਰਾਖੀ ਕੀਤੀ ਜਾਵੇ। ਪੁਲਿਸ ਨੇ ਪੰਚਾਇਤ ਅਤੇ ਗੁਰਦਵਾਰਾ ਕਮੇਟੀਆਂ ਦੇ ਕਹੇ ਅਨੁਸਾਰ ਢੁਕਵੀਂ ਸਹਾਇਤਾ ਦੇਣ ਲਈ ਭਰੋਸਾ ਦੇ ਦਿਤਾ। ਪੁਲਿਸ ਵਾਲੇ ਕਦੀ ਕਦਾਈਂ ਪਿੰਡ ਗੇੜਾ ਵੀ ਮਾਰਨ ਲਗ ਪਏ। ਪੁਲਿਸ ਨੇ ਇਹ ਵੀ ਕਿਹਾ ਹੈ ਕਿ ਜਿਸ ਵਿਅਕਤੀ ਨੇ ਰੁੱਕਾ ਦਿੱਤਾ ਹੈ ਉਸ ਦੀ ਸ਼ਨਾਖਤ ਕੀਤੀ ਜਾਵੇ। ਉਸ ਵਿਅਕਤੀ ਦੀ ਸੂਹ ਥਾਣੇ ਪਹੁੰਚਾਈ ਜਾਵੇ। ਰੁੱਕਾ ਦੇਣ ਵਾਲੇ ਦੀ ਪਛਾਣ ਕਰਨ ਲਈ ਜੱਟਾਂ ਦੇ ਗੁਰਦੁਆਰੇ ਦੇ ਭਾਈ ਕਰਮ ਸਿੰਘ ਨੂੰ ਥਾਣੇ ਸੱਦਿਆ ਗਿਆ। ਉਸਨੂੰ ਡਰਾਇਆ ਧਮਕਾਇਆ ਵੀ ਗਿਆ ਕਿ ਜਾਂ ਤਾਂ ਉਸ ਬੰਦੇ ਦੀ ਪਛਾਣ ਦਸ ਨਹੀਂ ਤਾਂ ਤੈਨੂੰ ਅਤਿਵਾਦੀਆਂ ਦੀ ਸਹਾਇਤਾ ਕਰਨ ਦੇ ਇਲਜ਼ਾਮ ਹੇਠ ਹਵਾਲਾਤ ਵਿੱਚ ਡਕ ਦਿਆਂਗੇ। ਭਾਈ ਬੇਬਸ ਸੀ। ਉਸ ਦੀ ਥੋੜੀ ਜਿਹੀ ਝਾੜ ਝੰਬ ਕੀਤੀ ਗਈ। ਸਾਰੇ ਲੋਕੀ ਕਹਿ ਰਹੇ ਸਨ ਕਿ ਭਾਈ ਜੀ ਦਾ ਕੋਈ ਕਸੂਰ ਨਹੀਂ। ਭਾਈ ਕਰਮ ਸਿੰਘ ਨੇ ਪਿੰਡ ਮੁੜ ਆ ਕੇ ਗੱਲ ਦੁਹਰਾ ਦਿੱਤੀ ਕਿ ਸਿੱਖੀ ਮਰਯਾਦਾ ਅਨੁਸਾਰ ਰੁੱਕਾ ਠੀਕ ਹੀ ਹੈ। ਜੋ ਰਾਹ ਮਨਮੁੱਖਾਂ ਨੇ ਪਕੜਿਆ ਹੈ, ਉਹ ਸਿਖਰ ਗਤਵਿਧੀਆਂ ਨੂੰ ਜਨਮ ਦਿੰਦਾ ਹੈ। ਪਿੰਡ ਵਿਚੋਂ ਕਿਸੇ ਨੇ ਇਹ ਗੱਲਬਾਤ ਸੰਤ ਚੰਨਣ ਸਿੰਘ ਹੋਰਾਂ ਦੇ ਡੇਰੇ ਵੀ ਪਹੁੰਚਾ ਦਿੱਤੀ।

੧੨. ਸਾਡੇ ਪਿੰਡ ਦੀ ਇਕ ਖ਼ੂਬੀ ਇਹ ਵੀ ਰਹੀ ਹੈ ਕਿ ਸ਼ਹਿਰ ਦੇ ਕਹਿਰ ਤੋਂ ਬਚਿਆ ਹੋਇਆ ਹੈ। ਲੋਕ ਅਕਸਰ ਪਿਆਰ ਨਾਲ ਰਹਿੰਦੇ ਨੇ। ਮਹਾਂਪੁਰਸ਼ਾਂ ਦੀ ਕਿਰਪਾ ਨਾਲ ਅਮਲੀ ਪਿਆਰ ਬਣਿਆ ਹੋਇਆ ਹੈ। ਲੋਕ ਧਾਰਮਿਕ ਰਸਮ ਰਿਵਾਜ ਵੀ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਕਾਫ਼ੀ ਲੋਕ ਕਿਰਸਾਨੀ ਕਰਦੇ ਹਨ। ਕੋਈ ਕੋਈ ਮੁਲਾਜ਼ਮ ਵੀ ਹੈ। ਕੁਝ ਫੌਜ ਵਿਚ ਵੀ ਭਰਤੀ ਹਨ। ਕਈ ਫੌਜੀ ਸੇਵਾ ਮੁਕਤ ਹਨ। ਸੇਵਾ ਮੁਕਤ ਫੌਜੀਆਂ ਨੂੰ ਕਈ ਸਹੂਲਤਾਂ ਵੀ ਹੁੰਦੀਆਂ ਹਨ। ਸ਼ਹਿਰਾਂ-ਛਾਉਣੀਆਂ ਵਿਚ ਫੌਜੀਆਂ ਲਈ ਕੰਟੀਨਾਂ ਹੁੰਦੀਆਂ ਹਨ। ਉਨਾਂ ਦੇ ਕਾਰਡ ਬਣੇ ਹੁੰਦੇ ਹਨ। ਘਰ ਦੀ ਵਰਤੋਂ ਦੀਆਂ ਚੀਜਾਂ ਸਸਤੇ ਭਾਅ ਮਿਲਦੀਆਂ ਹਨ। ਕੰਟੀਨਾਂ ਤੋਂ ਹੋਰ ਸੌਦੇ ਪਤੇ ਤੋਂ ਇਲਾਵਾ ਉਨ੍ਹਾਂ ਨੂੰ ਸਰਕਾਰੀ ਭਾਅ ਰੰਮ ਵਿਸਕੀ ਬਗੈਰਾ ਵੀ ਮਿਲ ਜਾਂਦੀ ਹੈ। ਫੌਜੀ ਸੋਹਣ ਸਿੰਘ ਕਦੇ-ਕਦੇ ਸ਼ਹਿਰ ਜਾਂਦਾ ਹੈ। ਉਹ ਸੇਵਾ ਮੁਕਤ ਫੌਜੀ ਹੈ। ਉਹ ਹੋਰ ਸੌਦਿਆਂ ਦੇ ਨਾਲ-ਨਾਲ ਆਪਣੇ ਕਾਰਡ ਵਾਲੀ ਰੰਮ ਵੀ ਲੈ ਆਉਂਦਾ ਹੈ। ਅੱਲੜਾਂ ਅਤੇ ਮੁਛਟੰਡਿਆਂ ਦੀਆਂ ਢਾਣੀਆਂ ਵਿਚ ਉਸਦੀ ਬੜੀ ਧਾਂਕ ਬਣੀ ਹੋਈ ਹੈ। ਬੜਾ ਮਾਣ ਹੈ ਉਸਦਾ। ਉਸ ਦਾ ਬੜਾ ਠਾਠ ਹੈ। ਉਹ ਕਦੀਂ-ਕਦਾਈਂ ਕਿਸੇ-ਕਿਸੇ ਬੰਦੇ ਨੂੰ ਇਕ ਅੱਧਾ ਹਾੜਾ ਲਵਾ ਦਿੰਦਾ ਹੈ। ਬਸ ਫੇਰ ਕੀ ਸੱਥਾਂ ਤੇ ਬੈਠਕਾਂ ਵਿਚ ਸੋਹਣ ਸਿੰਘ ਫੌਜੀ ਦੀ ਬੜੀ ਸ਼ਲਾਘਾ ਹੁੰਦੀ ਹੈ। ਕਈਆਂ ਦਾ ਉਹ ਬੁਤਾ ਸਾਰ ਦਿੰਦਾ। ਵੇਲੇ-ਕੁਵੇਲੇ ਜੇ ਕੋਈ ਪੜਾ-ਪਰਾਹੁਣਾ ਆ ਜਾਵੇ ਤਾਂ ਫੌਜੀ ਉਨ੍ਹਾਂ ਲਈ ਥੰਮ ਹੈ। ਨਹੀਂ ਤਾਂ ਅੱਧੀ ਰਾਤ ਨੂੰ ਕਿਥੋਂ ਲਿਆਉਣ। ਪਿੰਡ ਦੇ ਕਈਆਂ ਅੱਲੜ੍ਹਾਂ ਨੂੰ ਹਾਲੇ ਸਮਝ ਇਤਨੀ ਕੁ ਹੀ ਹੈ ਕਿ ਉਹ ਸ਼ਰਾਬ ਤੇ ਰੰਮ ਨੂੰ ਵੱਖਰੀਆਂ-ਵੱਖਰੀਆਂ ਚੀਜਾਂ ਗਿਣਦੇ ਹਨ। ਸ਼ਰਾਬ ਖੇਤਾਂ ਵਿਚ ਕਢੀ ਲਾਹਣ ਨੂੰ ਕਹਿੰਦੇ ਹਨ। ਰੰਮ ਅਤੇ ਵਿਸਕੀ ਨੂੰ ਤਾਂ ਪੁਲਿਸ ਵੀ ਨਹੀਂ ਫੜਦੀ। ਉਹ ਸ਼ਰਾਬ ਥੋੜੀ ਹੈ। ਵਿਸਕੀ ਦਾ ਚਮਚਾ ਹਰ ਬੰਦੇ ਨੂੰ ਦੇਣਾ ਠੰਢ ਦੀ ਦੁਆਈ ਸਮਝੀ ਜਾਂਦੀ ਹੈ। ਫੌਜੀ ਇਸ ਪੱਖ ਤੋਂ ਅੱਧ-ਪਚਧਾ ਡਾਕਟਰ ਵੀ ਹੈ। ਫੌਜੀ ਦੇ ਆਪਣੇ ਦੱਸੇ ਅਨੁਸਾਰ ਫੌਜ ਵਿਚ ਉਸ ਦੀ ਬੜੀ ਕਦਰ ਹੁੰਦੀ ਸੀ। ਉਹ ਪੂਰੇ ਧਾਰਮਿਕ ਖਿਆਲਾਂ ਦਾ ਬੰਦਾ ਹੈ। ਅੰਮ੍ਰਿਤਧਾਰੀ ਸਿੱਖ ਹੈ। ਅੰਮ੍ਰਿਤ ਵੀ ਫੌਜ ਵਿੱਚ ਹੀ ਛਕਿਆ ਸੀ। ਉਸ ਦਿਨ

ਬੜਾ ਖਾਣਾ ਸੀ। ਰੰਗਰੂਟ ਪਾਸ ਹੋਏ ਸਨ। ਕਰਨਲ ਸਾਹਿਬ ਨੇ ਪਰੇਡ ਦੀ ਸਲਾਮੀ ਲਈ ਸੀ। ਸਾਡੀ ਪਲਟਨ ਸਤਾਰਾਂ ਸਿੱਖ ਸੀ। ਅਸੀਂ ਸਭ ਨੇ ਅੰਮ੍ਰਿਤ ਛਕਿਆ। ਫਿਰ ਗੁਰੂ ਗ੍ਰੰਥ ਸਾਹਿਬ ਵਲ ਹੱਥ ਕਰਕੇ ਪ੍ਰਤਿਗਿਆ ਲਈ। ਵਫਾਦਾਰ ਸਿਪਾਹੀ ਬਣੇ। ਬੜੇ ਖਾਣੇ ਵਿਚ ਝਟਕੇ ਤੋਂ ਇਲਾਵਾ ਕਈ ਤਰ੍ਹਾਂ ਦੇ ਸੁਆਦੀ ਕਬਾਬ ਸਨ। ਵਿਸਕੀ ਤਕ ਸਭ ਮੌਜਾਂ। ਵਫਾਦਾਰੀ ਦੀ ਸਹੁੰ ਤਾਂ ਖਾਧੀ ਸੀ। ਉਸ ਸਹੁੰ ਸਦਕਾ ਹੀ ਉਹ ਪੂਰੀ ਪੈਨਸ਼ਨ ਲੈ ਕੇ ਆਇਆ ਸੀ। ਉਸ ਦੀ ਕੋਟੇ ਦੀ ਰੰਮ ਅਤੇ ਹੋਰ ਸਮਾਨ ਉਸ ਦੇ ਹਮਜੋਲੀਆਂ ਲਈ ਪੂਰਾ ਨਹੀਂ ਸੀ ਹੁੰਦਾ। ਮਾਰਚ ਦਾ ਮਹੀਨਾ ਸੀ। ਸਰਕਾਰ ਨੇ ਠੇਕਿਆਂ ਦੀ ਨਿਲਾਮੀ ਸ਼ੁਰੂ ਕੀਤੀ। ਪਿੰਡਾਂ ਵਿਚ ਸ਼ਰਾਬ ਦੇ ਬਹੁਤੇ ਠੇਕੇ ਨਹੀਂ ਸਨ। ਸਰਕਾਰ ਨੇ ਨੀਤੀ ਫੈਸਲਾ ਕੀਤਾ ਕਿ ਜਿਹੜਾ ਫੌਜੀ ਦੁਕਾਨ ਦਾ ਇੰਤਜ਼ਾਮ ਕਰ ਲਏ ਉਹ ਚਾਰ ਸੌ ਰੁਪਏ ਜਮ੍ਹਾਂ ਕਰਵਾਕੇ ਦੇਸੀ ਸ਼ਰਾਬ ਦਾ ਠੇਕਾ ਲੈ ਲਵੇ। ਸੋਹਣ ਸਿੰਘ ਫੌਜੀ ਨੇ ਦਰਖਾਸਤ ਦੇ ਕੇ ਆਪਣੀ ਹਵੇਲੀ ਦੇ ਕੋਨੇ ਵਿਚ ਸੜਕ ਵਲ ਮੂੰਹ ਕਰਵਾ ਕੇ ਠੇਕ਼ੇ ਦੀ ਦੁਕਾਨ ਖੋਲ ਲਈ।

**੧੩.** ਪਿੰਡ ਦੇ ਸਿਆਣੇ ਬੰਦਿਆਂ ਨੇ ਫੌਜੀ ਨੂੰ ਬਥੇਰਾ ਸਮਝਾਇਆ ਕਿ ਇਹ ਕੰਮ ਮਾੜਾ ਹੈ। ਨੌਜਵਾਨਾਂ ਅਤੇ ਬੱਚਿਆਂ ਤੇ ਬੁਰਾ ਅਸਰ ਪਵੇਗਾ। ਫੌਜੀ ਕਹਿੰਦਾ ਜੇ ਮਾੜਾ ਹੈ ਤਾਂ ਸਰਕਾਰ ਨੇ ਠੇਕਾ ਕਿਉਂ ਦਿੱਤਾ। ਲੋਕੀ ਨਾ ਪੀਣ। ਗੁਰਮੁੱਖ ਬੰਦਿਆਂ ਨੇ ਪੰਚਾਇਤ ਕੋਲ ਪਹੁੰਚ ਕੀਤੀ ਕਿ ਸ਼ਰਾਬ ਦਾ ਠੇਕਾ ਬੰਦ ਹੋਵੇ। ਪੰਚਾਇਤ ਨੇ ਵੀ ਉਪਰੇ ਜਿਹੇ ਮੂੰਹ ਨਾਲ ਠੇਕਾ ਬੰਦ ਕਰਾਉਣ ਨੂੰ ਕਿਹਾ। ਫੌਜੀ ਨੇ ਇਕ ਨਾ ਮੰਨੀ। ਮੰਨ ਵੀ ਕਿਵੇਂ ਸਕਦਾ ਸੀ। ਪਿਆਕੜ ਉਸ ਦੇ ਨਾਲ ਸਨ। ਸਰਕਾਰੀ ਤੌਰ ਤੇ ਖੁੱਲਿਆ ਸੀ ਠੇਕਾ। ਪੰਚਾਇਤ ਦੀਆਂ ਵੋਟਾਂ ਵਿਚ ਮੋਹਰੀ। ਜਿਥੇ ਵੋਟਾਂ ਨਾਲ ਪੰਚਾਇਤ ਚੁਣੀ ਜਾਵੇ, ਉਥੇ ਚੰਗੇ ਮਾੜੇ ਦੀ ਤੁਲਨਾ ਘਟਦੀ ਜਾਂਦੀ ਹੈ। ਸੰਗਰਾਂਦ ਦਾ ਦਿਹਾੜਾ ਆਇਆ। ਸੰਗਤ ਤੇ ਬੜਾ ਅਸਰ ਪਿਆ। ਕਈਆਂ ਨੇ ਸੰਤਾਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛਕ ਲਿਆ। ਕਈ ਉਂਝ ਹੀ ਹੁੰਗਾਰਾ ਦੇਣ ਲਗ ਪਏ ਬਈ ਨੌਜੁਆਨਾਂ ਨੇ ਨਸ਼ਿਆਂ ਤੋਂ ਕੰਨੀ ਕਤਰਾਈ ਹੈ। ਗੁਰਮਤਿ ਦੇ ਲੜ ਲਗਣ ਲਈ ਚੇਤਨਾ ਆਈ ਹੈ।

/

ਕਈ ਸਿਆਣੇ ਬੰਦੇ ਨਸ਼ਾ ਛਡਾਉ ਲਹਿਰ ਦੇ ਹਾਮੀ ਹੁੰਦੇ ਦਿਸਣ ਲਗ ਪਏ ਹਨ। ਕੋਮਲ ਸਿੰਘ ਨੇ ਸੰਗਰਾਂਦ ਵਾਲੇ ਦਿਨ ਜੁੜੀ ਸੰਗਤ ਨੂੰ ਬੇਨਤੀ ਕਰ ਦਿਤੀ ਕਿ ਉਹ ਆਪਣੇ ਬੱਚਿਆਂ ਨੂੰ ਅੰਮ੍ਰਿਤਧਾਰੀ ਬਨਾਉਣ। ਜਿਹੜੇ ਹਾਲੇ ਨਸ਼ਿਆਂ ਦੇ ਆਦੀ ਹਨ, ਉਨ੍ਹਾਂ ਨੂੰ ਨਸ਼ਿਆਂ ਤੋਂ ਮੁਕਤ ਕਰਾਉਣ ਲਈ ਕੈਂਪ ਲਗਾਇਆ ਜਾਵੇ। ਡਾਕਟਰਾਂ ਦਾ ਮੁਸ਼ਵਰਾ ਲਿਆ ਜਾਵੇ। ਇਸ ਚੰਗੇ ਕੰਮ ਲਈ ਚੰਗਾ ਹੁੰਗਾਰਾ ਭਰਿਆ। ਹਰ ਇਨਸਾਨ ਚੰਗੇ ਜੀਵਨ ਲਈ ਲੋਚਦਾ ਹੈ। ਉਧਰ ਫੌਜੀ ਸੋਹਣ ਸਿੰਘ ਨੂੰ ਆਪਣਾ ਕਾਰੋਬਾਰ ਠੰਢਾ ਪੈਂਦਾ ਲੱਗਾ। ਕੋਮਲ ਸਿੰਘ ਦੇ ਪ੍ਰਭਾਵ ਨਾਲ ਕਈ ਗਭਰੂ ਰਹਿਰਾਸ ਸਮੇਂ ਗੁਰਦੁਆਰੇ ਆਉਣ ਲਗ ਪਏ। ਕਈ ਵਾਰ ਗੁਰਮਤਿ ਵਿਚਾਰਾਂ ਹੋ ਜਾਂਦੀਆਂ। ਕਈ ਵਾਰ ਅਖਬਾਰ ਦੀਆਂ ਖਬਰਾਂ ਤੇ ਵੀ ਚਰਚਾ ਹੋ ਜਾਂਦੀ। ਨੌਜੁਆਨ ਕੋਮਲ ਸਿੰਘ ਦੀ ਚੜ੍ਹਦੀ ਕਲਾ ਦੇਖ ਕੇ ਫੌਜੀ ਸੋਹਨ ਸਿੰਘ ਆਪਣੇ ਹਮਜੋਲੀਆਂ ਨੂੰ ਕਹਿੰਦਾ ਫਿਰੇ ਕਿ ਅਸੀਂ ਵੀ ਅੰਮ੍ਰਿਤਧਾਰੀ ਰਹੇ ਹਾਂ। ਫੌਜ ਦੀ ਨੌਕਰੀ ਕੀਤੀ ਹੈ। ਅਸੀਂ ਕਿਸੇ ਨੂੰ ਸ਼ਰਾਬ ਪੀਣ ਲਈ ਉਕਸਾਉਂਦੇ ਨਹੀਂ। ਸਗੋਂ ਵਿਆਹ ਸ਼ਾਦੀਆਂ ਤੇ ਰੌਣਕਾਂ ਤੇ ਸ਼ੁਗਲ ਮੇਲਾ ਵਧਾਉਣ ਲਈ ਲੋਕਾਂ ਵਿਚ ਮਿਲ ਵਰਤਣ ਤੇ ਇਕਠੇ ਬੈਠਣ ਦਾ ਬਹਾਨਾ ਹੈ। ਸਿਆਣੇ ਕਹਿੰਦੇ ਨੇ ਘਿਉ ਮੱਲਾਂ ਲਈ, ਨਸ਼ਾ ਗੱਲਾਂ ਲਈ। ਜੇ ਕਰ ਐਸੇ ਮੌਕਿਆਂ ਤੇ ਖੁਸ਼ੀ ਨਹੀਂ ਕਰਨੀ ਤਾਂ ਕਦੋਂ ਕਰਨੀ ਹੈ। ਮੁਸ਼ਟੰਡੇ ਤੇ ਪਿਆਕੜ ਉਸ ਦੀ ਹਾਂ ਵਿਚ ਹਾਂ ਮਿਲਾਈ ਜਾਂਦੇ। ਉਸ ਨੇ ਥਾਣੇ ਵਿਚ ਦਰਖਾਸਤ ਦੇ ਦਿੱਤੀ ਕਿ ਮੈਨੂੰ ਅਤੇ ਮੇਰੇ ਸ਼ਰਾਬ ਦੇ ਠੇਕੇ ਨੂੰ ਖਤਰਾ ਹੈ। ਥਾਣੇਦਾਰ ਨੇ ਸਿਪਾਹੀਆਂ ਦੀ ਡਿਊਟੀ ਲਗਾ ਦਿਤੀ ਕਿ ਉਹ ਵੇਲੇ ਕੁਵੇਲੇ ਉਧਰ ਗੇੜਾ ਮਾਰ ਆਇਆ ਕਰਨ। ਕਦੇ-ਕਦੇ ਵਾਪਿਸ ਜਾਣ ਲਗੇ ਸਿਪਾਹੀ ਵੀ ਠੇਕੇ ਤੋਂ ਹਾੜਾ ਲਾ ਲੈਂਦੇ। ਗੁਰਦੁਆਰੇ ਸਵੇਰੇ-ਸ਼ਾਮ ਸੰਗਤ ਜੁੜਣੀ ਸ਼ੁਰੂ ਹੋ ਗਈ। ਕਈ ਵਾਰੀ ਕੋਮਲ ਸਿੰਘ ਥੋੜ੍ਹਾ ਜਿਹਾ ਸਮਾਂ ਮਹਾਰਾਜ ਦੀ ਤਾਬਿਆ ਬੈਠ ਜਾਂਦਾ। ਕਥਾ ਕਰਦਾ। ਸੰਗਤ ਨੂੰ ਨਸ਼ਿਆਂ ਤੋਂ ਵਰਜਦਾ। ਸਪੀਕਰ ਰਾਹੀਂ ਅਵਾਜ ਆਉਂਦੀ। ਫੌਜੀ ਸੋਹਣ ਸਿੰਘ ਦੇ ਸੀਨੇ ਵਿਚ ਅੱਗ ਲਗ ਜਾਂਦੀ। ਹੁਣ ਤਾਂ ਪੁਲਿਸ ਵੀ ਗਵਾਹ ਸੀ ਕਿ ਕੋਮਲ ਸਿੰਘ ਸ਼ਰਾਬ ਵਿਰੋਧੀ ਹੈ। ਕੋਮਲ ਸਿੰਘ ਖੂਬ ਭਰਵੀ ਜੁਆਨੀ ਵਾਲਾ ਗਭਰੂ ਹੈ। ਉਹ ਨਾ ਹੀ

ਬੁਰੀ ਸੰਗਤ ਵਿਚ ਪਿਆ ਹੈ, ਨਾ ਹੀ ਨੌਜੁਆਨਾਂ ਨੂੰ ਪੈਣ ਦਿੰਦਾ ਹੈ। ਦੁਸਹਿਰੇ ਦੀਵਾਲੀ ਵਾਲੇ ਦਿਨ ਉਹ ਠੇਕੇ ਤੋਂ ਥੋੜ੍ਹੀ ਵਿਥ ਤੇ ਖੜਾ ਹੋ ਜਾਂਦਾ। ਕਿਸੇ ਸਿਆਣੀ ਉਮਰ ਦੇ ਬੰਦੇ ਨੂੰ ਨਾਲ ਲੈ ਲੈਂਦਾ। ਕਦੇ-ਕਦੇ ਪਿਆਕੜ ਉਸ ਦੇ ਪ੍ਰਭਾਵ ਕਰਕੇ ਸ਼ਰਾਬ ਪੀਣ ਤੋਂ ਗੁਰੇਜ਼ ਕਰਦੇ। ਪਰ ਫੌਜੀ ਨੂੰ ਉਹ ਫਨੀਅਰ ਸੱਪ ਲਗਦਾ। ਪੁਲਿਸ ਨੂੰ ਵੀ ਉਹ ਆਪਣੀ ਸਮਝਦਾ ਹੈ। ਉਸ ਨੇ ਮੁੜ ਅਰਜੀ ਦੇ ਦਿੱਤੀ ਕਿ ਕੋਮਲ ਸਿੰਘ ਅਤੇ ਉਸ ਦੇ ਸਾਥੀ ਉਸ ਦੇ ਕਾਰਬੋਰ ਵਿਚ ਅੜਿੱਕਾ ਪਾਉਂਦੇ ਹਨ। ਬਸ ਫਿਰ ਕੀ ਸੀ ਇਕ ਦਿਨ ਅੰਮ੍ਰਿਤ ਵੇਲੇ ਥਾਣੇਦਾਰ ਨੇ ਸਿਪਾਹੀ ਭੇਜ ਕੇ ਕੋਮਲ ਸਿੰਘ ਥਾਣੇ ਸੱਦ ਲਿਆ। ਉਹ ਪੜਿਆ ਲਿਖਿਆ ਮੁੰਡਾ ਕਾਨੂੰਨ ਦੀ ਗੱਲ ਕਰੇ। ਪਰ ਪੁਲਿਸ ਵਾਲੇ ਜ਼ੋਰ ਪਾ ਕੇ ਥਾਣੇ ਲੈ ਗਏ। ਉਸ ਨੂੰ ਬੇਇਜ਼ਤ ਕੀਤਾ ਅਤੇ ਥੱਪੜ ਵੀ ਮਾਰੇ। ਪਿੰਡ ਦੀ ਪੰਚਾਇਤ ਮਗਰ ਗਈ। ਜ਼ੁਬਾਨੀ ਜਮਾਨਤ ਦੇ ਕੇ ਵਾਪਿਸ ਪਿੰਡ ਲੈ ਆਈ। ਸਾਰੇ ਪਿੰਡ ਵਿਚ ਹਾਹਾਕਾਰ ਮਚ ਗਈ। ਕੋਈ ਫੌਜੀ ਨੂੰ ਬੁਰਾ ਭਲਾ ਕਹੇ। ਕੋਈ ਗਾਲਾਂ ਕਢੇ। ਬੁੜੀਆਂ ਪਾਥੀਆਂ ਪੱਥਣ ਜਾਂ ਭੱਤਾ ਲੈਕੇ ਜਾਣ ਤਾਂ ਸਭ ਦੀ ਜ਼ੁਬਾਨ ਤੇ ਇਕੋ ਗਲ ਅਖੇ, ਚੰਗਾ ਭਲਾ ਬੀਬਾ ਮੁੰਡਾ, ਫੌਜੀ ਥਾਣੇ ਫੜਵਾ ਦਿੱਤਾ, ਕੱਖ ਨਾ ਰਹੇ ਫੌਜੀ ਦਾ। ਕਈ ਕਈ ਇਹ ਵੀ ਪੱਖ ਲੈਣ ਕਿ ਕੋਮਲ ਆਪਣੀ ਪੜਾਈ ਕਰੇ। ਇਨ੍ਹਾਂ ਕੰਮਾਂ ਤੋਂ ਕੀ ਲੈਣਾ। ਕੋਈ ਅੰਗਿਆਰ ਖਾਵੇ, ਅੱਗ ਹੱਗੇ। ਫੌਜੀ ਸੋਹਣ ਸਿੰਘ ਬੜਾ ਖੁਸ਼ ਹੋਇਆ। ਬੜਕਾਂ ਮਾਰੇ। ਪੰਚਾਇਤੀਆਂ ਨੂੰ ਆਖੇ ਅਜਿਹਿਆਂ ਨੂੰ ਸਰਕਾਰ ਹੀ ਠੀਕ ਕਰੇਗੀ। ਲੋਕਾਂ ਦੇ ਮਨੋਰੰਜਨ ਲਈ ਕਾਰੋਬਾਰ ਸ਼ੁਰੂ ਕੀਤਾ ਹੈ, ਕੀਤਾ ਵੀ ਸਰਕਾਰੀ ਅਸੂਲਾਂ ਅਨੁਸਾਰ। ਜਿਹੜਾ ਉਸ ਦੇ ਕਾਰੋਬਾਰ ਵਿਚ ਅੜਿੱਕਾ ਪਾਵੇਗਾ ਉਸ ਦੀ ਭੁਗਤ ਸੁਆਰੀ ਜਾਵੇਗੀ। ਇਹ ਬੋਲੀ ਸੰਤਾਂ ਦੇ ਡੇਰੇ ਵੀ ਜਾ ਅਪੜੀ। ਉਥੇ ਕਈ ਪਿੰਡਾਂ ਦੀ ਸੰਗਤ ਜੁੜੀ ਬੈਠੀ ਸੀ। ਕੋਮਲ ਸਿੰਘ ਨਾਲ ਵਾਪਰੀ ਗਲਬਾਤ ਕਈ ਪਿੰਡਾਂ ਵਿਚ ਫੈਲ ਗਈ। ਸੰਤਾਂ ਨੇ ਬੜੇ ਗੰਭੀਰ ਅੰਦਾਜ਼ ਵਿਚ ਇਹ ਸ਼ਬਦ ਆਖ ਦਿਤੇ। ਸਿੱਖੀ ਮਰਯਾਦਾ ਦੀ ਅਣਖ ਨੂੰ ਚਣੌਤੀ ਹੈ। ਰਾਕਸ਼ਾਂ ਤੇ ਦੇਵਤਿਆਂ ਦੀ ਕਸ਼ਮਕਸ਼ ਹੋ ਗਈ। ਰਾਕਸ਼ਾਂ ਨੇ ਦੇਵਤਿਆਂ ਨੂੰ ਅਜੇਹੀਆਂ ਗੱਲਾਂ ਤੋਂ ਕਟੜਵਾਦੀ ਕਹਿਣਾ ਹੈ। ਵਾਤਾਵਰਣ ਨੇ ਰਾਕਸ਼ ਪੈਦਾ ਕਰਨੇ ਹਨ। ਆਪਾਂ



www.punjabilibrary.com 

ਸਭ ਨੇ ਗੁਰੂ ਦੀ ਸਿਖਿਆ ਲੈਣੀ ਹੈ। ਉਂਜ ਕੋਮਲ ਸਿੰਘ ਦੇ ਪਿਤਾ ਨਾਲ ਸੰਤਾਂ ਨੇ ਪੂਰੀ ਹਮਦਰਦੀ ਜ਼ਾਹਿਰ ਕੀਤੀ। ਪਰਿਵਾਰ ਨੂੰ ਗੁਰਸਿਖੀ ਨਾਲ ਜੁੜੇ ਰਹਿਣ ਦੀ ਗਲ ਦੁਹਰਾਈ। ਸੰਤਾਂ ਦੇ ਕਹੇ ਬਚਨ ਸੰਗਤ ਨੇ ਬੜੇ ਧਿਆਨ ਨਾਲ ਸੁਣੇ। ਵਿੱਚੋਂ ਹੀ ਕੋਈ ਬੋਲ ਪਿਆ ਕਿ ਸੋਧੇ ਦੀ ਵੀ ਲੋੜ ਹੈ। ਉਹ ਵਿਅਕਤੀ ਲਾਗੇ ਦੇ ਪਿੰਡ ਦਾ ਸੀ। ਉਸ ਦਾ ਨਾਮ ਸੁਧਾਰਾ ਸਿੰਘ ਸੀ। ਉਹ ਕਰਮ ਕੌਰ ਦੀ ਕੁੜੀ ਦੇ ਵਿਆਹ ਵੇਲੇ ਹਾਜ਼ਿਰ ਸੀ। ਉਸਨੇ ਅੱਖੀਂ ਵੇਖਿਆ ਅਤੇ ਕੰਨੀ ਸੁਣਿਆ ਸੀ। ਉਸ ਦਾ ਇਹ ਬੇਇਨਸਾਫੀ ਸੁਣਕੇ ਖ਼ੂਨ ਖੌਲ ਪਿਆ। ਉਸਨੇ ਮਨ ਵਿਚ ਠੇਕੇ ਵਾਲੇ ਫੌਜੀ ਨੂੰ ਮਜ਼ਾ ਚਖਾਉਣ ਲਈ ਧਾਰ ਲਈ। ਕੋਮਲ ਸਿੰਘ ਦੂਸਰੇ ਦਿਨ ਕਾਲਿਜ ਜਾਣ ਲਗ ਪਿਆ। ਧਰਮ ਵਿੱਚ ਕਿਸੇ ਪ੍ਰਕਾਰ ਦਾ ਧੱਕਾ ਨਹੀਂ ਸਹਾਰਨਾ। ਸਿਖੀ ਮਰਯਾਦਾ ਕਾਇਮ ਰੱਖਣੀ ਪਵੇਗੀ। ਸ੍ਰੀ ਸਾਹਿਬ ਕੋਈ ਲੁਟੇਰਿਆਂ, ਡਾਕੂਆਂ ਦਾ ਹਥਿਆਰ ਨਹੀਂ ਸਗੋਂ ਰਹਿਤ ਮਰਯਾਦਾ ਦਾ ਅੰਗ ਹੈ। ਸੰਤਾਂ ਨੇ ਹੋਰ ਭਾਵਕ ਹੋਕੇ ਕਿਹਾ ਕਿ ਸਿੱਖ ਗੁਰੂ ਕੇ ਬਾਗ ਮੋਰਚੇ ਵੇਲੇ ਡਾਗਾਂ ਖਾਂਦੇ ਖਾਂਦੇ ਵਾਹਿਗੁਰੂ ਵਾਹਿਗੁਰੂ ਜਪਦੇ ਰਹੇ। ਇਹ ਵੀ ਕਦੇ ਖਿਆਲ ਨਹੀਂ ਰਖਣਾ ਕਿ ਆਪਾਂ ਥੋਹੜੇ ਹਾਂ। ਲੱਕੜ ਦੀ ਇਕ ਨਿਮਾਣੀ ਤੀਲੀ ਜੰਗਲ ਨੂੰ ਅੱਗ ਲਾ ਦਿੰਦੀ ਹੈ। ਜਦ ਕੁਰਬਾਨੀ ਲਈ ਦਿਲਾਂ ਵਿੱਚ ਚਾਅ ਪੈਦਾ ਹੋ ਜਾਵੇ, ਜਦੋਂ ਸੱਚ ਲਈ ਸਵੈ-ਵਿਸ਼ਵਾਸ ਹੋਵੇ ਤਾਂ ਗੱਭਰੂਆਂ ਦੇ ਸਿਰਾਂ ਤੇ ਵਜੀਆਂ ਡਾਂਗਾਂ, ਜਵਾਨਾਂ ਉੱਤੇ ਕੀਤੇ ਤਸੀਹੇ, ਬਦਲਾਂ ਦੀ ਰਗੜ ਵਿੱਚੋਂ ਪੈਦਾ ਹੋਈ ਬਿਜਲੀ ਵਾਂਗ ਚਮਕ ਉਤਪੰਨ ਕਰ ਦਿੰਦੀ ਹੈ। ਗੁਰਬਾਣੀ ਦਾ ਚਾਨਣੁ ਹਰ ਥਾਂ ਫੈਲਾਉਣ ਦਾ ਜ਼ਿੰਮਾ ਦਸਮੇਸ਼ ਪਿਤਾ ਨੇ ਸਾਨੂੰ ਸੌਂਪਿਆ ਹੋਇਆ ਹੈ ਜੋ ਕਿ ਅਸੀਂ ਨਿਭਾਉਣਾ ਹੈ। ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਪੂਰੀ ਕਰਨ ਲਈ ਜੋ ਉਪਰਾਲਾ ਕਰੋਗੇ, ਕਦਮ ਕਦਮ ਤੇ ਰੁਕਾਵਟਾਂ, ਅੜਚਨਾਂ, ਵਿਰੋਧਤਾਈਆਂ, ਮੁਸ਼ਕਲਾਂ ਤੇ ਔਖੀਆਂ ਘੜੀਆਂ ਆਉਣਗੀਆਂ ਜਿਨਾਂ ਨੂੰ ਸਰ ਕਰਨਾ ਖਾਲਸਾ ਪੰਥ ਦਾ ਮਨੋਰਥ ਹੈ। ਸੰਜਮ ਤੋਂ ਕੰਮ ਲੈਣਾ ਅਤੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨਾ ਗੁਰਸਿਖ ਦਾ ਫਰਜ਼ ਹੈ। ਆਪਾਂ ਸਾਰਿਆਂ ਨੇ ਆਪਣਾ ਫਰਜ਼ ਪਛਾਨਣਾ ਹੈ। ਨਿਤਨੇਮ ਦੇ ਪਾਠ ਉਪਰੰਤ ਖੜੇ ਹੋਕੇ ਪੰਥ ਕੀ ਜੀਤ, ਦੇਗ ਤੇਗ ਫਤਹਿ, ਖਾਲਸੇ ਦਾ ਬੋਲਬਾਲਾ ਦੀ ਅਰਦਾਸ ਕਰਨੀ ਹੈ।

ਅਜਿਹੀ ਅਰਦਾਸ ਨਾਲ ਸਿੱਖ ਕਦੇ ਡੋਲਦਾ ਨਹੀਂ। ਗੁਰੂ ਨਾਨਕ ਦਾ ਘਰ ਸੱਚਾ ਪ੍ਰੇਮ ਦਰਸਾਉਂਦਾ ਹੈ। ਅਣਖ ਨਾਲ ਰਹਿਣਾ, ਗਰੀਬ ਗੁਰਬੇ ਦੀ ਮੱਦਦ ਕਰਨੀ ਅਤੇ ਵੰਡ ਕੇ ਛਕਣਾ ਹੀ ਜੀਵਨ ਜਾਚ ਹੈ। ਸਿਖੀ ਪ੍ਰਚਾਰ ਦੇ ਸੋਮਿਆਂ ਨੂੰ ਬੰਦ ਕਰਵਾਉਣ ਲਈ ਜਾਬਰ ਬੜੇ ਹੱਥ ਕੰਡੇ ਬੀਜ ਰਹੇ ਹਨ। ਸਿਖਾਂ ਦੇ ਘਰਾਂ ਵਿੱਚ ਹੀ ਪੈਦਾ ਹੋਏ ਕਈ ਧੀਰਮੱਲੀਆਂ ਅਤੇ ਮੀਣੀਆਂ ਨੇ ਕਮੀਨੀਆਂ ਤੋਂ ਕਮੀਨੀਆਂ ਹਰਕਤਾਂ ਕੀਤੀਆਂ ਹਨ ਅਤੇ ਕਰਦੇ ਹੋਏ ਨਜਰ ਆ ਰਹੇ ਹਨ। ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਬੈਠੇ ਵੀ ਤੇਰਾ ਭਾਣਾ ਮੀਠਾ ਲਾਗੇ ਉਚਾਰ ਰਹੇ ਸਨ। ਅਸੀਂ ਉਹਨਾ ਦਾ ਅਸ਼ੀਰਵਾਦ ਲੈਣਾ ਹੈ। ਨਾਲ ਹੀ ਜਦੋਂ ਸਿਰ ਤੋਂ ਪਾਣੀ ਲੰਘ ਜਾਵੇ ਤਾਂ ਜਵਾਬ ਦੇਣਾ ਵਾਜਬ ਹੈ। ਗੁਰੂ ਦੀ ਸੰਗਤ ਹੌਸਲੇ ਵਿੱਚ ਰਹਿਣਾ। ਨਿਤਨੇਮ ਵਿੱਚ ਪੱਕੇ ਹੋ ਜਾਓ। ਕਲਗੀਧਰ ਪਾਤਿਸ਼ਾਹ ਸਦਾ ਸਹਾਈ ਹੋਣਗੇ।

**੧੪.** ਕਾਲਜ ਵਿਚ ਸਾਲਾਨਾ ਖੇਡਾਂ ਹੋਣੀਆਂ ਸਨ। ਕੋਮਲ ਸਿੰਘ ਖੇਡਾਂ ਵਿਚ ਹਿੱਸਾ ਲੈਂਦਾ ਸੀ। ਨਾਲ ਹੀ ਉਹ ਕਾਲਿਜ ਦੇ ਭਾਸ਼ਣ ਮੁਕਾਬਲੇ ਦਾ ਵੀ ਮੋਹਰੀ ਸੀ। ਇਸ ਲਈ ਉਸ ਨੂੰ ਬਹੁਤੇ ਵਿਦਿਆਰਥੀ ਜਾਣਦੇ ਸਨ। ਖੇਡਾਂ ਅਤੇ ਭਾਸ਼ਣ ਮੁਕਾਬਲੇ ਕਰਕੇ ਉਸ ਨੂੰ ਕਾਲਜ ਵਿਚ ਆਪਣੇ ਦੋਸਤਾਂ ਕੋਲ ਰਹਿਣਾ ਪੈ ਗਿਆ। ਘਰਦਿਆਂ ਨੂੰ ਉਸ ਨੇ ਦੱਸਿਆ ਹੋਇਆ ਸੀ ਕਿ ਪ੍ਰਿੰਸੀਪਲ ਸਾਹਿਬ ਨੇ ਉਸ ਦੀ ਡਿਊਟੀ ਲਾਈ ਹੋਈ ਹੈ ਕਿ ਉਹ ਖੇਲਾਂ ਦੇ ਇੰਚਾਰਜ ਪ੍ਰੋਫੈਸਰ ਨਾਲ ਮਦਦ ਕਰੇ। ਸੰਤਾਂ ਦੇ ਬਚਨ ਸੁਣ ਕੇ ਸੁਧਾਰਾ ਸਿੰਘ ਆਪਣੇ ਪਿੰਡ ਚਲਾ ਗਿਆ। ਉਸ ਨੇ ਆਪਣੇ ਕੁਝ ਗੁਰਸਿੱਖ ਸੰਗੀਆਂ ਨਾਲ ਵਿਚਾਰ ਕੀਤੀ। ਸੁਧਾਰਾ ਸਿੰਘ ਨੇ ਕਿਹਾ ਕਿ ਰਬ ਦਾ ਭਾਣਾ ਗੁਰਸਿੱਖ ਮੁੰਡਾ ਸ਼ਰਾਬ ਦੇ ਠੇਕੇਦਾਰ ਰਾਹੀਂ ਬੇਇਜ਼ਤ ਹੋਇਆ। ਸੁਧਾਰਾ ਸਿੰਘ ਥੋੜ੍ਹਾ ਪੜ੍ਹਿਆ ਹੋਇਆ ਹੈ। ਗੁਰੂ ਘਰ ਲਈ ਬੜਾ ਪੱਕਾ ਪ੍ਰੇਮੀ। ਸਿਖੀ ਦੀ ਗੱਲ ਆਟੀ ਕਰਦਾ। ਆਪਣੀ ਜਾਨ ਦੀ ਬਾਜੀ ਲਾਉਣ ਲਈ ਤਿਆਰ ਹੋ ਜਾਂਦਾ। ਆਪਣੇ ਨਾਲ ਚਾਰ ਪੰਜ ਨੌਜੁਆਨ ਤਿਆਰ ਕਰ ਲਏ ਕਿ ਸਮਾਂ ਪੈਣ ਤੇ ਠੇਕੇ ਵਾਲੇ ਦਾ

ਸੁਧਾਰ ਕਰਨਾ ਹੈ। ਦੀਵਾਲੀ ਦਾ ਦਿਨ ਆ ਗਿਆ। ਲੋਕਾਂ ਨੇ ਘਰ ਸਜਾਏ, ਦੀਵੇ ਬਾਲੇ, ਮਠਿਆਈਆਂ ਵੰਡੀਆਂ। ਗੁਰਦਵਾਰੇ ਅਤੇ ਹੋਰ ਧਾਰਮਿਕ ਅਸਥਾਣ ਰੌਸ਼ਨਾਏ ਗਏ। ਲੋਕਾਂ ਨੇ ਆਪਣੀਆਂ ਮੰਨਤਾਂ ਮੰਨੀਆਂ। ਠੇਕੇ ਤੇ ਸ਼ਰਾਬ ਦੀ ਵੀ ਵਿਕਰੀ ਹੱਦੋਂ ਵੱਧ ਹੋਈ। ਕੋਮਲ ਸਿੰਘ ਕਾਲਿਜ ਸੀ। ਠੇਕੇਦਾਰ ਦੀ ਸ਼ਰਾਬ ਬਹੁਤ ਵਿਕੀ। ਰਾਤ ਗਿਆਰਾਂ-ਬਾਰਾਂ ਵਜੇ ਤੱਕ ਰੌਣਕਾਂ ਰਹੀਆਂ। ਲੋਕ ਅਧੀ ਰਾਤ ਤੋਂ ਪਿਛੇਰੇ ਸੌਂ ਗਏ। ਫੌਜੀ ਵੀ ਠੇਕੇ ਨੂੰ ਜੰਦਰਾ ਮਾਰ ਕੇ ਖੁਸ਼ੀ-ਖੁਸ਼ੀ ਨਸ਼ੇ ਵਿਚ ਲੋਰੀਆਂ ਪਾਉਂਦਾ ਘਰ ਚਲੇ ਗਿਆ। ਵਟਕ ਸਵੇਰੇ ਗਿਣੇਗਾ। ਸ਼ਾਂਤ ਜਿਹਾ ਮਾਹੌਲ ਹੋ ਗਿਆ। ਨਵੇਂ ਦਿਨ ਦੀ ਪਹਿਲੀ ਘੜੀ। ਕਾਰੀਗਰ, ਲੌਹਾਰ, ਸੁਨਿਆਰ, ਭਠਿਆਰ, ਜੁਆਰੀਏ ਆਦਿ ਦਿਵਾਲੀ ਦੀ ਰਾਤ ਨੂੰ ਆਪਣੇ ਸੰਦਾਂ ਨੂੰ ਧੋ ਪੋਚ ਕੇ ਧੂਪ ਦੇ ਕੇ ਰੱਖਦੇ ਹਨ। ਅਗਲੇ ਦਿਨ ਸੰਦਾਂ ਦੀ ਅਤੇ ਲਛਮੀਂ ਦੀ ਪੂਜਾ ਕੀਤੀ ਜਾਂਦੀ ਹੈ। ਇਹਨਾ ਪੁਰਾਣੇ ਕਿਤਿਆਂ ਵਾਲਿਆਂ ਦਾ ਕਾਰੋਬਾਰੀ ਸਾਲ ਦਿਵਾਲੀ ਤੋਂ ਦੂਜੇ ਦਿਨ ਸ਼ੁਰੂ ਹੁੰਦਾ ਹੈ। ਸੁਧਾਰਾ ਸਿੰਘ ਨੇ ਵਾਹਿਗੁਰੂ ਅਗੇ ਅਰਦਾਸ ਕੀਤੀ। ਚਾਰ ਪੰਜ ਨੌਜੁਆਨ ਨਾਲ ਲਏ। ਟਰੈਕਟਰ ਕੱਢਿਆ। ਉਸ ਨਾਲ ਕਰਾਹ ਪਾਇਆ। ਸੁਹਾਗਾ ਬੰਨਿਆ ਅਤੇ ਫੌਜੀ ਠੇਕੇਦਾਰ ਦੇ ਪਿੰਡ ਅੱਪੜ ਗਿਆ। ਫੌਜੀ ਸੋਹਣ ਸਿੰਘ ਦੀ ਹਵੇਲੀ ਹਨੇਰੇ ਵਿਚ ਚੁਪ ਚਾਪ ਸੀ। ਪਸ਼ੂ ਵੀ ਸੁਤੇ ਪਏ ਸਨ। ਕੁਤੇ ਨੂੰ ਘਰ ਨਾਲ ਲੈ ਗਿਆ ਸੀ। ਦੋ ਖਾਨਿਆਂ ਵਿੱਚ ਠੇਕਾ ਸੀ। ਠੇਕੇ ਵਾਲੇ ਪਾਸੇ ਨੁਕਰ ਦੇ ਕੋਲ ਟਰੈਕਟਰ ਖੜਾ ਕੀਤਾ। ਖੜ੍ਹਾਕੇ ਤੋਂ ਬਚਣ ਲਈ ਦਰਵਾਜੇ ਦੀ ਚੀਥੀ ਨੂੰ ਸੰਗਲ ਪਾਇਆ। ਖਿਚ ਨਾਲ ਦਰਵਾਜਾ ਬਾਹਰ। ਸੜਕ ਵਾਲੇ ਪਾਸਿਉਂ ਹੌਲੀ ਅਵਾਜੇ ਟਰੈਕਟਰ ਚਲਾ ਕੇ ਕਰਾਹ ਪਾ ਕੇ ਠੇਕੇ ਦੀਆਂ ਕੰਧਾਂ ਹਿਲਾ ਦਿੱਤੀਆਂ। ਠੇਕੇ ਦੀ ਛੋਟੀ ਜਿਹੀ ਕੋਠੜੀ ਮੂਧੀ ਪੈ ਗਈ। ਦੋ ਤਿੰਨ ਵਾਰੀ ਟਰੈਕਟਰ ਅੱਗੇ ਪਿੱਛੇ ਕੀਤਾ ਸਭ ਬੋਤਲਾਂ ਟੁੱਟ-ਭੱਜ ਗਈਆਂ। ਨੌਜੁਆਨਾਂ ਨੇ ਸੁਹਾਗਾ ਪਿਛੋਂ ਖੋਲ ਦਿੱਤਾ। ਪੰਜ ਛੇ ਗੇੜਿਆਂ ਵਿਚ ਟੁਟੀਆਂ ਭਜੀਆਂ ਬੋਤਲਾਂ ਖਿੰਡ ਪੁੰਡ ਗਈਆਂ। ਵੱਟਕ ਵਾਲੀ ਸੰਦੂਕੜੀ ਵੀ ਭਜ ਗਈ ਅਤੇ ਉਸ ਦੇ ਟੋਟੇ ਟੋਟੇ ਹੋ

ਗਏ। ਨੋਟ ਸ਼ਰਾਬ ਦੀਆਂ ਬੋਤਲਾਂ ਨਾਲ ਭਿੱਜ ਗਏ, ਕਈ ਪਾਟ ਗਏ। ਸ਼ਰਾਬ ਦੀ ਸੜਿਆਂਦ ਨਾਲ ਹਵੇਲੀ ਦਾ ਵਾਤਾਵਰਣ ਲੱਥ-ਪੱਥ ਹੋ ਗਿਆ। ਪੰਜਾਂ ਸੱਤਾਂ ਮਿੰਟਾਂ ਵਿਚ ਹੀ ਠੇਕੇ ਤੇ ਠੇਕੀ ਚੀਥੜਿਆਂ ਵਿਚ ਵਿਛ ਗਈ। ਫੌਜੀ ਦੀ ਆਕੜ ਢਿੱਲੀ ਪੈ ਗਈ। ਠੇਕੇ ਦੀ ਹੱਡੀ ਪਸਲੀ ਇਕ ਕਰਕੇ ਸੁਧਾਰਾ ਸਿੰਘ ਟਰੈਕਟਰ ਸੜਕ ਦੇ ਪੁੱਠੇ ਪਾਸੇ ਪਾਕੇ ਚਲੇ ਗਿਆ। ਜਿਸਦਾ ਕੋਈ ਖੁਰਾ ਖੋਜ ਨਹੀਂ ਲਭਿਆ। ਪਹੁ ਫਟਾਲੇ ਪਿੰਡ ਦੇ ਚੌਂਕੀਦਾਰ ਨੇ ਫੌਜੀ ਨੂੰ ਆ ਕੇ ਉਠਾਲਿਆ ਅਤੇ ਉਸ ਦੇ ਠੇਕੇ ਦੀ ਹਾਲਤ ਸੁਣਾਈ। ਉਧਰ ਜੱਟਾਂ ਦੇ ਗੁਰਦੁਆਰੇ ਤੋਂ ਭਾਈ ਕਰਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਤੋਂ ਵਾਕ ਲਿਆ ਤੇ ਅਵਾਜ਼ ਆਈ :-

**ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥**

ਆਮ ਪਿੰਡਾਂ ਵਿੱਚ ਅੰਮ੍ਰਿਤ ਵੇਲੇ ਰਾਗੀ ਸਿੰਘ ਅਤੇ ਰਬਾਬੀਆਂ ਵਲੋਂ ਕੀਰਤਨ ਨਹੀਂ ਕੀਤਾ ਜਾਂਦਾ। ਕੀਰਤਨ ਦੀ ਮਹੱਤਤਾ ਪੱਖੋਂ ਗੁਰਦੁਆਰੇ ਦੇ ਭਾਈ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਘਰ ਨਾਲ ਜੋੜਨਾ ਲੋਚਦੇ ਹਨ। ਗੁਰਦੁਆਰੇ ਦੀ ਹਦੂਦ। ਟਾਹਲੀ ਅਤੇ ਪਿੱਪਲ। ਥੜ੍ਹਾ ਤੇ ਥੜ੍ਹੇ ਦੇ ਨਾਲ ਕਲਮੀਂ ਅੰਬ ਦਾ ਬੂਟਾ। ਗੱਭੇ ਛੋਟੀ ਖੂਹੀ ਅਤੇ ਖੂਹੀ ਉੱਤੇ ਨਿਕੀ ਜਿਹੀ ਹਲਟੀ। ਹਲਟੀ ਦੇ ਕੁੱਤੇ ਦੀ ਟਿੱਕ ਟਿੱਕ ਤੇ ਇਹੋ ਭਾਈ ਸਾਹਿਬ ਦੀ ਜਾਗਣ, ਉਠਣ, ਨਿਤਨੇਮ ਦੀ ਪ੍ਰਕਿਰਿਆ। ਸ਼ਰਧਾਵਾਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਨਾ ਲੋਚਦੇ ਹਨ। ਵਾਕ ਲੈਣ ਤੋਂ ਬਾਅਦ ਕੀਰਤਨ ਦੀ ਤਿਆਰੀ। ਇਕ ਭਾਈ। ਕਾਲੇ ਤਵੇ। ਹੱਥ ਚਾਬੀ ਵਾਲੀ ਮਸ਼ੀਨ, ਨਵੇਂ ਜ਼ਮਾਨੇ ਵਿੱਚ ਪੈਰ। ਭਾਈ ਕਰਮ ਸਿੰਘ ਨੇ ਰਖੀ. ਤਵੇ ਉਪਰ ਸੂਈ, ਦਿਤਾ ਮਸ਼ੀਨ ਨੂੰ ਗੇੜਾ, ਆਸਾ ਦੀ ਵਾਰ ਦੀ ਗਿਆਰਵੀ. ਪਉੜੀ, ਟੁੰਡੇ ਅਸ ਰਾਜੇ ਕੀ ਧੁਨੀ, ਭੋਲੀ ਪੇਂਡੂ ਸੰਗਤ ਦੇ ਕੰਨਾ ਤੇ ਚਿਹਰਿਆਂ ਤੇ ਇਉਂ ਪੈਂਦੀ:-

ਸਲੋਕੁ ਮ: ੧॥

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥

.............

ਮ: ੧॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥

.............

ਮ: ੧॥

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥

ਤਵੇ ਦੀ ਸੂਈ ਰੁਕ ਗਈ। ਵਾਰ ਵਾਰ ਇਕੋ ਤੁਕ ਦੀ ਆਵਾਜ਼ ਆਵੇ। ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥ ਇਕੋ ਅਵਾਜ਼ ਆਈ ਗਈ ਜਦ ਤਕ ਕਿ ਭਾਈ ਕਰਮ ਸਿੰਘ ਨੇ ਮਸ਼ੀਨ ਬੰਦ ਨਾ ਕੀਤੀ।



www.punjabilibrary.com

ਫੌਜੀ ਦਾ ਦਿਲ ਕੰਬ ਗਿਆ। ਮਾੜੀ ਗਲ ਦਾ ਪਛਤਾਵਾ ਕਰਨ ਦੀ ਬਜਾਏ ਕਰੋਧ ਅਤੇ ਗੁੱਸੇ ਵਿਚ ਲਾਲ ਪੀਲਾ ਹੋ ਗਿਆ। ਥਾਣੇ ਜਾ ਵੜਿਆ। ਬੇਹਾਲ ਹੋਇਆ। ਪੁਲਿਸ ਦੀਆਂ ਮਿੰਨਤਾਂ ਤਰਲੇ ਕਰ ਰਿਹਾ ਸੀ। ਚੜ੍ਹੇ ਦਿਨ ਪੁਲਿਸ ਮੌਕਾ ਦੇਖਣ ਆਈ। ਸਭ ਤੋਂ ਪਹਿਲਾਂ ਉਂਗਲ ਕੋਮਲ ਸਿੰਘ ਤੇ ਉਠਾਈ। ਥਾਣੇਦਾਰ ਨੇ ਪੁੱਛਿਆ ਕੋਮਲ ਸਿੰਘ ਕਿਥੇ ਹੈ। ਉਸ ਨੂੰ ਦੱਸਿਆ ਗਿਆ ਕਿ ਉਹ ਕਾਲਜ ਗਿਆ ਹੋਇਆ ਹੈ। ਥਾਣੇਦਾਰ ਨੇ ਕਿਹਾ ਕਿ ਰਾਤ ਨੂੰ ਕਿਹੜਾ ਕਾਲਜ ਲਗਦਾ ਹੈ। ਫੌਜੀ ਅਤੇ ਸਰਪੰਚ ਤਾਂ ਪਹਿਲਾਂ ਹੀ ਉਸ ਦੇ ਖਿਲਾਫ ਸਨ।

**੧੫.** ਕਾਲਜ ਵਿਚ ਖੇਲਾਂ ਹੋ ਰਹੀਆਂ ਸਨ। ਇਧਰ ਪਿੰਡ ਨੂੰ ਠੇਕਾ ਮਲੀਆ-ਮੇਟ ਹੋਣ ਦਾ ਅਫਸੋਸ। ਕਈ ਅੱਗੇ ਪਿਛੋਂ ਕੁਝ ਹੋਰ ਬੋਲਦੇ, ਪਰ ਫੌਜੀ ਅਤੇ ਸਰਪੰਚ ਪਾਸ ਅਫਸੋਸ ਜ਼ਾਹਿਰ ਕਰਦੇ। ਢਲੇ ਦਿਨ ਕਾਲਜ ਦੀਆਂ ਖੇਲਾਂ ਖਤਮ ਹੋਈਆਂ। ਉਸੇ ਵਕਤ ਕਾਲਜ ਦੇ ਹਾਲ ਵਿਚ ਭਾਸ਼ਣ ਮੁਕਾਬਲੇ ਸ਼ੁਰੂ ਹੋ ਰਹੇ ਹਨ। ਵਿਸ਼ਾ ਹੈ "ਸਮਾਜ ਵਿਚ ਨਸ਼ਿਆਂ ਦੀ ਬੁਰਾਈ" ਕੋਮਲ ਸਿੰਘ ਅਤੇ ਹੋਰ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ ਆਪਣੇ ਭਾਸ਼ਣ ਦੇ ਰਹੇ ਹਨ। ਕਾਲਜਾਂ ਦੇ ਵਿਦਿਆਰਥੀ ਅਤੇ ਕਈ ਪ੍ਰੋਫੈਸਰ ਹਾਜਰ ਸਨ। ਕੋਮਲ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਜਿਹੜੀਆਂ ਕੌਮਾਂ ਆਪਣੀਆਂ ਗਲਤੀਆਂ ਤੋਂ ਸਬਕ ਨਹੀਂ ਸਿਖਦੀਆਂ, ਉਹ ਗਲਤੀ ਦਰ ਗਲਤੀ ਕਰਦੀਆਂ ਹਨ। ਉਹ ਕੌਮਾਂ ਇਤਿਹਾਸ ਵਿੱਚ ਗੁਆਚ ਜਾਂਦੀਆਂ ਹਨ। ਅਨੁਸ਼ਾਸਿਤ ਕੌਮਾਂ ਹੀ ਦੁਨੀਆਂ ਦੀ ਸਭਿਅਤਾ ਦੇ ਸੁਨਹਿਰੀ ਭਵਿਖ ਦੀਆਂ ਜਾਮਨ ਬਣ ਸਕਦੀਆਂ ਹਨ। ਸੱਚ ਉੱਤੇ ਖੜਾ ਇਕੱਲਾ ਵਿਅਕਤੀ ਹੀ ਜਗਤ ਉੱਤੇ ਗਹਿਰਾ ਪ੍ਰਭਾਵ ਪਾ ਸਕਦਾ ਹੈ। ਨਸ਼ਿਆਂ ਤੋਂ ਛੁਟਕਾਰਾ ਪਾ ਕੇ ਹੀ ਕੌਮ ਸਫਲ ਖੜੀ ਰਹਿ ਸਕਦੀ ਹੈ। ਸਾਡਾ ਗਵਾਂਢੀ ਮੁਲਕ ਚੀਨ ਇਸ ਦੀ ਸਫਲ ਮਿਸਾਲ ਹੈ ਕਿ ਕਿਵੇਂ ਸੰਨ ੧੯੪੯ ਤੋਂ ਪਹਿਲਾਂ ਅੰਗਰੇਜ਼ਾਂ ਦੇ ਕਬਜੇ ਹੇਠ ਚੀਨੀ ਕੌਮ, ਇਕ ਅਫੀਮੀਆਂ ਦੀ ਕੌਮ ਕਹਾਉਂਦੀ ਸੀ। ਅਫੀਮ ਦੀ ਕੋਹੜ ਨੂੰ ਵੱਢਣ ਤੋਂ ਬਾਅਦ, ਅੱਜ ਚੀਨ ਦੁਨੀਆਂ ਦਾ ਸਭ ਤੋਂ ਤੇਜ਼ ਤਰੱਕੀ

ਕਰ ਰਿਹਾ ਮੁਲਕ ਹੈ। ਕਥਨੀ ਅਤੇ ਕਰਨੀ ਦੀ ਵਿੱਥ ਨੂੰ ਖਤਮ ਕਰਕੇ ਵਿਸ਼ਵ ਸਿਆਣਪ ਨੂੰ ਪ੍ਰੋਢ ਪ੍ਰਭਾਵ ਦੇਣ ਦਾ ਸਮਾਂ ਆ ਗਿਆ ਹੈ। ਆਓ ਸ਼ਰਾਬਾਂ, ਕਬਾਬਾਂ ਤੋਂ ਦੂਰ ਰਹਿਕੇ ਚੰਗੇ ਇਨਸਾਨ ਬਣੀਏ। ਸ਼ਰਾਬੀਆਂ ਦੇ ਉਲਾਰ, ਸ਼ਰਾਬੀਆਂ ਦੀ ਬੇਬਸੀ, ਸ਼ਰਾਬੀਆਂ ਦੀਆਂ ਕਥਾਵਾਂ - "ਘਿਉ ਮੱਲਾਂ ਨੂੰ ਸ਼ਰਾਬ ਗੱਲਾਂ ਨੂੰ" ਬੰਦ ਕਰਨੀਆਂ ਪੈਣਗੀਆਂ। ਅੱਜ ਸ਼ਰਾਬ ਵਿੱਚ ਡੁਬ ਗਿਆ ਸਾਰਾ ਭਾਰਤੀ ਸਮਾਜ। ਸਮਾਜਿਕ ਲਾਹਨਤਾਂ ਘੋੜ ਸਵਾਰੀ ਕਰੀ ਫਿਰਦੀਆਂ ਹਨ।

ਇਕੋ ਹੱਥ ਸਾਰੀ ਸ਼ਕਤੀ ਦੇ ਦੇਣੀ ਅਤੇ ਫਿਰ ਉਸ ਦੇ 'ਜੀ ਹਜ਼ੂਰੀਏ' ਬਣਕੇ ਗੁਲਾਮ ਮਾਨਸਿਕਤਾ ਵਿੱਚ ਜਿਉਂਣ ਵਾਲੀਆਂ ਕੌਮਾਂ ਦਾ ਹਸ਼ਰ ਬਹੁਤ ਮਾੜਾ ਹੁੰਦਾ ਹੈ। ਆਪਣੇ ਭਾਸ਼ਨ ਵਿੱਚ ਕੋਮਲ ਨੇ ਇਕ ਛੋਟੀ ਜਿਹੀ ਕਵਿਤਾ ਵੀ ਸੁਣਾ ਦਿਤੀ:-

**ਲੈ ਲਓ ਦਾਜ**

**ਵੇਚ ਲਓ ਕੁੜੀਆਂ।**

**ਅੱਡ ਅੱਡ ਮੂੰਹ**

**ਵੇਖਣਗੀਆਂ ਬੁੜ੍ਹੀਆਂ।**

**ਲੱਗੀ ਅੱਗ ਸਮੁੰਦਰੋਂ ਪਾਰ**

**ਵੇਖੋ ਕਿਵੇਂ ਜਾਂਦੀਆਂ ਰੁੜ੍ਹੀਆਂ।**

**ਕਰਜੇ ਵਿੱਚ ਡੁਬਿਆ ਜੱਟ ਜੀ**

**ਕਿਥੇ ਗਈਆਂ ਨੀਂਦਾਂ ਗੂੜ੍ਹੀਆਂ।**

**ਕਰੇ ਕਿਸਾਨੀ ਦਾਰੂ ਬਾਝੋਂ**

**ਕਿਵੇਂ ਪੈਣ ਨਾ ਸਥਾਂ ਪੂਰੀਆਂ।**

ਪੜੇ ਨਾਨਕ ਦੀ ਬਾਣੀ ਤੜਕੇ

ਆਪੇ ਹਟਣ ਆਦਤਾਂ ਬੁਰੀਆਂ।

ਖਿੜੇ ਚਿਹਰਾ ਹੀਰੇ ਵਾਂਗੂੰ

ਟੁੱਟਣ ਸਭੇ ਮੱਥੇ ਝੂਰੀਆਂ।

ਭਲਾ ਹੋਵੇ ਸਭੇ ਥਾਈਂ

ਗੁਣ ਗਾਵਣ ਸਥਾਂ ਜੁੜੀਆਂ।

ਛਡੋ ਸ਼ਰਾਬ ਕੋਮਲ ਵਾਂਗੂੰ

ਗਲੋਂ ਲੱਥਣ ਸਭ ਕੁੰਜੜੀਆਂ।

ਕੋਮਲ ਸਿੰਘ ਤੋਂ ਬਾਅਦ ਭੁਪਿੰਦਰ ਸਿੰਘ ਦੀ ਵਾਰੀ ਸੀ। ਉਹ ਵੀ ਕਾਲਿਜ ਦਾ ਵਿਦਿਆਰਥੀ ਸੀ। ਭੁਪਿੰਦਰ ਸਿੰਘ ਭਾਵੇਂ ਖੇਡਾਂ ਦਾ ਬਹੁਤਾ ਸ਼ੌਕੀਨ ਨਹੀਂ ਸੀ ਫਿਰ ਵੀ ਪੇਂਡੂ ਖੇਡ ਅਖਾੜਿਆਂ ਨੂੰ ਜਰੂਰ ਵੇਖਦਾ। ਉਹ ਰਾਜਨੀਤਿਕ ਆਗੂਆਂ ਦੇ ਕਿਰਦਾਰਾਂ ਦੀ ਗੱਲ ਆਮ ਕਰਦਾ ਰਹਿੰਦਾ ਸੀ। ਭੁਪਿੰਦਰ ਸਿੰਘ ਅੰਗਰੇਜ਼ੀ ਹਕੂਮਤ ਦੇ ਤੌਰ ਤਰੀਕੇ ਅਤੇ ਵੋਟਾਂ ਨਾਲ ਬਣੇ ਆਗੂਆਂ ਦੀ ਬੜੀ ਨੀਝ ਲਾ ਕੇ ਟੀਕਾ ਟਿੱਪਣੀ ਕਰਦਾ। ਉਸਨੂੰ ਨਸ਼ਿਆਂ ਨਾਲ ਇਸ ਕਰਕੇ ਨਫਰਤ ਸੀ ਕਿ ਨਸ਼ਿਆਂ ਨੇ ਪੰਜਾਬ ਦੀ ਕਿਰਸਾਨੀ ਗਾਲੀ ਹੈ। ਉਸਦਾ ਕਹਿਣਾ ਸੀ ਕਿ ਜਿਸ ਥਾਂ ਤੇ ਯੋਧੇ ਸੂਰਬੀਰ ਪੈਦਾ ਹੋਏ ਹਨ ਉੱਥੇ ਬੇਇਖਲਾਕੀ ਨੇ ਡੇਰਾ ਲਾ ਲਿਆ ਹੈ। ਆਪਣੇ ਭਾਸ਼ਨ ਵਿੱਚ ਭੁਪਿੰਦਰ ਸਿੰਘ ਨੇ 'ਚੌਤਾਂ ਜੀ' ਜਿਥੇ ਅੰਗਰੇਜ਼ ਹਕੂਮਤ ਵੇਲੇ ਮੁਖਬਰੀ ਸਦਕਾ ਬੱਬਰਾਂ ਦਾ ਮੁਕਾਬਲਾ ਹੋਇਆ ਸੀ, ਦੀ ਉਦਾਹਰਨ ਬੜੇ ਦਿਲ ਟੁੰਬਵੇਂ ਲਫਜ਼ਾਂ ਵਿੱਚ ਦਰਸਾਈ। ਇਸਦੇ ਨਾਲ ਹੀ ਅਜੋਕੇ ਆਗੂਆਂ ਦੀ ਤਸਵੀਰ ਇਕ ਨਿਕੀ ਜਿਹੀ ਕਵਿਤਾ ਦੇ ਰੂਪ ਵਿੱਚ ਇਵੇਂ ਖਿੱਚੀ:-

ਅਸੀਂ ਤੱਕਿਆ ਉਹ ਕੁੱਤੇ ਰਾਜ ਬਹਾਲਕੇ।

ਅਸੀਂ ਤੱਕਿਆ ਉਹ ਚੱਕੀ ਚੱਟਣ ਸੰਭਾਲਕੇ।

ਅਸੀਂ ਤੱਕਿਆ ਉਹ ਪਰਜਾ ਭਲੇ ਭਲੇਰੇ।

ਅਸੀਂ ਤੱਕਿਆ ਉਹ ਚੱਕੀ ਚੱਟਣ ਜਾਏ ਅਨੇਰੇ।

ਅਸੀਂ ਤੱਕਿਆ ਵੈਰ ਵਿਰੋਧ ਜੋਧ ਲੜਵਾਏ।

ਅਸੀਂ ਤੱਕਿਆ ਦੇਵ ਹਰਾਏ ਦੈਂਤ ਜਿਤਾਏ।

ਅਸੀਂ ਤੱਕਿਆ ਪਿੰਡੀ ਪਾਵਣ ਆਪ ਸਿਆਪੇ।

ਅਸੀਂ ਤੱਕਿਆ ਮਕਰਾ ਸਾਡਾ ਆਗੂ ਜਾਪੇ।

ਅਸੀਂ ਤੱਕਿਆ ਐਸਾ ਸਾਡਾ ਆਗੂ ਜਾਪੇ।

ਸਰੋਤਿਆਂ ਨੇ ਵਾਹ ਵਾਹ ਕਰ ਦਿਤੀ। ਭੁਪਿੰਦਰ ਸਿੰਘ ਨੇ ਹੋਰ ਕਿਹਾ ਕਿ ਅਜਿਹੇ ਆਗੂਆਂ ਤੋਂ ਅਸੀਂ ਆਸਾਂ ਉਮੀਦਾਂ ਲਾਈ ਬੈਠੇ ਹਾਂ। ਇਹ ਭਾਸ਼ਨ ਸੁਣੇ ਕੇ ਪ੍ਰਿੰਸੀਪਲ ਨੇ ਕੋਮਲ ਸਿੰਘ ਅਤੇ ਭੁਪਿੰਦਰ ਸਿੰਘ ਦੋਵਾਂ ਦੀ ਬੜੀ ਤਾਰੀਫ ਕੀਤੀ। ਦੋਨਾ ਦਾ ਇਕੋ ਤਰ੍ਹਾਂ ਦਾ ਸੁਭਾਅ, ਇਕੋ ਇਲਾਕੇ ਦੇ ਵਸਨੀਕ ਹੋਣ ਕਰਕੇ ਆਮ ਵਾਕਫੀਅਤ ਸੀ।

ਕੋਮਲ ਸਿੰਘ ਨੂੰ ਪਹਿਲਾ ਇਨਾਮ ਮਿਲਿਆ। ਉਸ ਨੇ ਆਪਣੇ ਆਸ਼ੇ ਦੀ ਪਹਿਲੀ ਕਿਰਨ ਚਮਕਦੀ ਦੇਖੀ। ਸ਼ਾਮ ਨੂੰ ਸੂਰਜ ਮਿਟਦੇ ਸਾਰ ਆਪਣੇ ਘਰ ਅਪੜਿਆ। ਮਿਲੇ ਇਨਾਮ ਪਰਵਾਰ ਨੂੰ ਵਿਖਾਏ। ਪੁਲਿਸ ਵਾਪਿਸ ਥਾਣੇ ਚਲੀ ਗਈ। ਕੋਈ ਖੁਰਾ ਖੋਜ ਨਾ ਮਿਲਿਆ। ਫੌਜੀ ਅਤੇ ਸਰਪੰਚ ਸ਼ਾਮ ਨੂੰ ਮੁੜ ਥਾਣੇ ਗਏ। ਉਨ੍ਹਾਂ ਨੇ ਕੋਮਲ ਸਿੰਘ ਤੋਂ ਪੁੱਛ ਗਿੱਛ ਕਰਨ ਲਈ ਜ਼ੋਰ ਪਾਇਆ। ਕੋਮਲ ਸਿੰਘ ਦਾ ਘਰ ਪਿੰਡੋਂ ਬਾਹਰਲੇ ਪਾਸੇ ਹੈ। ਸਭ ਨੂੰ ਸ਼ੱਕ ਹੋ ਗਿਆ ਕਿ ਠੇਕਾ ਭੰਨਣ ਵਿਚ ਕੋਮਲ ਸਿੰਘ ਦਾ ਹੱਥ ਹੈ। ਥਾਣੇ ਦੇ ਇੰਚਾਰਜ ਐਚ. ਐਚ. ਓ. ਸੀਤਾ ਰਾਮ ਨੇ ਵੀ ਇਹੋ ਕਿਆਸ ਅਰਾਈਆਂ ਲਾਈਆਂ ਕਿ

ਇਹ ਮੁੰਡਾ ਆਪ ਹੁਦਰਾ ਹੈ। ਇੰਸਪੈਕਟਰ ਜੋ ਥਾਣੇ ਦਾ ਇੰਚਾਰਜ ਵੀ ਹੈ ਨੇ ਕਿਆਫੇ ਵਿਚ ਹੀ ਇਤਲਾਹ ਪੁਲਿਸ ਹੈਡ ਕੁਆਟਰ ਨੂੰ ਭੇਜ ਦਿਤੀ ਕਿ ਪਿੰਡ ਉਦੇਸੀਆਂ ਥਾਣਾ ਆਦਮਪੁਰ ਦੁਆਬਾ, ਜਿਲਾ ਜਲੰਧਰ ਵਿਖੇ ਸਮਾਜ ਵਿਰੋਧੀ ਅਨਸਰਾਂ ਨੇ ਸ਼ਰਾਬ ਦੇ ਠੇਕੇ ਤੇ ਹਮਲਾ ਕਰਕੇ ਠੇਕਾ ਤਬਾਹ ਕਰ ਦਿੱਤਾ ਹੈ। ਪੁਲਿਸ ਦੀ ਤਫਤੀਸ਼ ਜਾਰੀ ਹੈ। ਗੌਰ-ਤਲਬ ਹੈ ਕਿ ਪੰਜਾਬ ਵਿਚ ਚਲ ਰਹੀ ਅਤਿਵਾਦੀਆਂ ਵਲੋਂ ਚਲਾਈ ਸਮਾਜ ਸੁਧਾਰ ਲਹਿਰ ਇਸ ਘਟਨਾ ਦੀ ਜ਼ਿੰਮੇਵਾਰ ਹੋਵੇਗੀ। ਪੁਲਿਸ ਹੈਡ ਕੁਆਟਰ ਤੋਂ ਆਦੇਸ਼ ਪ੍ਰਾਪਤ ਹੋਏ ਕਿ ਜਾਂਚ ਮੁਕੰਮਲ ਕਰਨ ਉਪਰੰਤ ਰਿਪੋਰਟ ਭੇਜੀ ਜਾਵੇ। ਇਲਾਕੇ ਵਿੱਚ ਸ਼ਾਂਤੀ ਰਖਣ ਲਈ ਸਮਾਜ ਵਿਰੋਧੀ ਅਨਸਰਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇ।

**੧੬.** ਸੀਤਾ ਰਾਮ ਐਸ.ਐਚ.ਓ. ਨੇ ਆਪਣੀ ਪੁਲਿਸ ਟੁਕੜੀ ਨਾਲ ਸਵੇਰੇ ਹੀ ਪਿੰਡ ਉਦੇਸੀਆਂ ਵਿੱਚ ਛਾਪਾ ਮਾਰਿਆ। ਕੋਮਲ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਹਾਲੇ ਪਹੁ ਫੁਟਾਲਾ ਹੀ ਸੀ। ਲੋਕੀਂ ਹਾਲੇ ਗੁਰਦੁਆਰੇ ਆ ਜਾ ਰਹੇ ਸਨ। ਕੋਮਲ ਸਿੰਘ ਦਾ ਪਿਤਾ ਗੁਰਦੁਆਰੇ ਤੋਂ ਵਾਪਿਸ ਪਰਤਿਆ। ਝੱਟ ਹੀ ਪੰਚਾਇਤ ਦੇ ਮੈਂਬਰ ਇਕੱਠੇ ਹੋ ਗਏ। ਪੰਚਾਂ ਨੇ ਬੜੇ ਹੌਸਲੇ ਨਾਲ ਗੱਲਬਾਤ ਕੀਤੀ ਕਿ ਇਹ ਲੜਕਾ ਅਜਿਹਾ ਕੰਮ ਨਹੀਂ ਕਰ ਸਕਦਾ। ਪੰਚਾਂ ਦੇ ਕਹਿਣ ਦੇ ਬਾਵਜੂਦ ਪੁਲਿਸ ਕੋਮਲ ਸਿੰਘ ਨੂੰ ਥਾਣੇ ਲੈ ਗਈ। ਘਰੋ- ਘਰੀਂ ਉਹੀ ਗਲ ਕਿ ਕੀ ਇਹ ਮੁੰਡਾ ਇੱਦਾਂ ਦਾ ਭਲਾ ਹੋ ਸਕਦਾ ਹੈ? ਸ਼ਰਾਬ ਨੂੰ ਕਦੇ ਹੱਥ ਨਾ ਲਾਵੇ। ਉਸ ਨੂੰ ਕੀ ਲੋੜ ਸੀ ਠੇਕਾ ਭੰਨਣ ਦੀ। ਉਧਰ ਪੁਲਿਸ ਵਾਲਿਆਂ ਨੇ ਕੋਮਲ ਸਿੰਘ ਦੀ ਬੜੀ ਝਾੜ ਝੰਬ ਕੀਤੀ। ਕੋਮਲ ਸਿੰਘ ਨੇ ਆਪਣੀ ਅਗਿਆਨਤਾ ਜਾਹਿਰ ਕੀਤੀ ਕਿ ਉਸ ਕੋਲ ਅਜਿਹੇ ਕੰਮ ਦਾ ਕੋਈ ਸੁਰਾਗ ਨਹੀਂ ਹੈ। ਉਹ ਤਾਂ ਸਗੋਂ ਉਦਣ ਦਿਨੇ ਕਾਲਜ ਦੀ ਟੀਮ ਵਿਚ ਖੇਲਿਆ ਸੀ ਅਤੇ ਲੋਢੇ ਵੇਲੇ ਭਾਸ਼ਣ ਮੁਕਾਬਲੇ ਵਿੱਚ ਪ੍ਰਿੰਸੀਪਲ ਨੇ ਪ੍ਰੋਫੈਸਰ ਸਾਹਿਬ ਨਾਲ ਉਸ ਦੀ ਡਿਊਟੀ ਲਾਈ ਹੋਈ ਸੀ। ਉਹ ਤਾਂ ਦੇਰ ਨਾਲ ਆਇਆ ਸੀ। ਪੁਲਿਸ ਆਪਣੀ ਆਦਤ ਮੁਤਾਬਕ ਕਦੇ ਮਿਠਾ ਕਦੇ ਕੌੜਾ ਬੋਲਦੀ। ਉਸ ਵਲੋਂ ਕੋਈ ਵੀ ਗਲ ਨਾ ਮੰਨਣ ਤੇ ਪੁਲਿਸ ਖਿੱਝ ਗਈ। ਉਸ ਨੂੰ ਕੁੱਟਿਆ ਮਾਰਿਆ



www.punjabilibrary.com 

ਵੀ ਗਿਆ। ਸਾਰਾ ਦਿਨ ਥਾਣੇ ਰੱਖਿਆ ਗਿਆ। ਪੰਚ ਥਾਣੇ ਗਏ। ਉਨ੍ਹਾਂ ਦੀ ਕੋਈ ਗਲ ਨਾ ਮੰਨੀ ਗਈ। ਉਧਰ ਕਾਲਿਜ ਵਿਚ ਪਤਾ ਲਗ ਗਿਆ। ਕਾਲਿਜ ਦੇ ਪ੍ਰੋਫੈਸਰ ਆਏ। ਉਨ੍ਹਾਂ ਨੇ ਐਸ.ਐਚ.ਓ. ਨੂੰ ਦੱਸਿਆ ਕਿ ਜਦੋਂ ਇਹ ਵਾਰਦਾਤ ਹੋਈ ਉਸ ਵੇਲੇ ਤਾਂ ਕੋਮਲ ਉਨ੍ਹਾਂ ਦੇ ਨਾਲ ਸੀ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਐਚ.ਐਚ.ਓ. ਨੇ ਥਾਣੇ ਤੋਂ ਮੁੰਡੇ ਨੂੰ ਪ੍ਰੋਫੈਸਰਾਂ ਨਾਲ ਤੋਰ ਦਿਤਾ। ਉਸ ਉਤੇ ਹੋਇਆ ਧੱਕਾ ਉਹ ਨਹੀਂ ਸੀ ਭੁਲਾ ਸਕਦਾ। ਕਾਲਿਜ ਵਿਚ ਇਹ ਗੱਲ ਬੜੀ ਅਹਿਮੀਅਤ ਨਾਲ ਫੈਲੀ। ਕਾਲਿਜ ਦੇ ਵਿਦਿਆਰਥੀਆਂ ਨੇ ਬੜਾ ਰੰਜਸ਼ ਕੀਤਾ। ਉਨ੍ਹਾਂ ਨੇ ਇਸ ਧੱਕੇਜੋਰੀ ਦਾ ਬਦਲਾ ਲੈਣ ਦਾ ਮਨ ਬਣਾ ਲਿਆ। ਕੋਮਲ ਸਿੰਘ ਨੇ ਗੁਰਮਤਿ ਅਨੁਸਾਰ ਸਾਥੀ ਵਿਦਿਆਰਥੀਆਂ ਨੂੰ ਕਿਹਾ ਕਿ ਕਿਸੇ ਨੇ ਕਿਸੇ ਨਾਲ ਕੋਈ ਹਿਰਖ ਨਹੀਂ ਕਰਨਾ। ਕਈਆਂ ਨੇ ਕੋਮਲ ਸਿੰਘ ਨੂੰ ਹੌਸਲਾ ਤੇ ਹੱਲਾਸ਼ੇਰੀ ਦਿੱਤੀ। ਜਦੋਂ ਕਿਸੇ ਸਮਾਜ ਦੇ ਹਾਲਾਤ ਵਿਗੜਦੇ ਹਨ ਤਾਂ ਹਰ ਪਾਸੇ ਹੀ ਨਿਘਾਰ ਆਉਂਦਾ ਹੈ। ਇਲਾਕੇ ਵਿਚ ਚੋਰਾਂ ਰੌਲੀ ਪਈ ਹੋਈ ਸੀ। ਫੌਜੀ ਦਾ ਠੇਕਾ ਭੱਜਿਆ। ਸਰਪੰਚ ਹਰ ਰੋਜ਼ ਹੀ ਉਸ ਪਾਸੋਂ ਘੁੱਟ ਲਾ ਕੇ ਆਉਂਦਾ। ਕਈ ਵਾਰੀ ਆਪਣੇ ਡੰਗਰਾਂ ਵੱਲ ਵੀ ਨਾ ਦੇਖਦਾ। ਨਸ਼ੇ ਦੇ ਲੋਰ ਵਿਚ ਭਈਏ ਉੱਤੇ ਹੀ ਸਭ ਕੁਝ ਛੱਡ ਦਿੰਦਾ। ਇਕ ਦਿਨ ਚੋਰ ਸਰਪੰਚ ਦੀ ਮੱਝ ਖੋਲ ਕੇ ਲੈ ਗਏ। ਪੈੜ ਸੜਕ ਤਕ ਗਈ। ਅਗੋਂ ਖਤਮ। ਥਾਣੇ ਰਪਟ ਲਿਖਾਈ। ਸ਼ੱਕ ਕੋਮਲ ਸਿੰਘ ਉਪਰ। ਫੌਜੀ ਅਤੇ ਪੀਣ ਵਾਲਿਆਂ ਦਾ ਰੁਖ ਸਰਪੰਚ ਵਲ ਹੋ ਗਿਆ। ਸ਼ਾਮ ਨੂੰ ਸਰਪੰਚ ਦੇ ਘਰ ਕਈ ਇਕੱਠੇ ਹੋ ਜਾਂਦੇ। ਪੁਲਿਸ ਵਾਲੇ ਆਏ ਅਤੇ ਪਿੰਡ ਦੇ ਕਈ ਭਈਆਂ ਨਾਲ ਹੂਰੋ-ਮੁੱਕੀ ਕਰਕੇ ਚਲਦੇ ਬਣੇ। ਕਦੇ ਕੋਈ ਬੋਤਲ ਲੈ ਆਉਂਦਾ ਕਦੇ ਕੋਈ। ਸਰਪੰਚ ਤਾਂ ਆਪਣਾ ਹੋਇਆ। ਸਰਪੰਚ ਨੂੰ ਸਲਾਹ ਦਿਤੀ ਕਿ ਤੂੰ ਸਾਰਾ ਪਿੰਡ ਇਕਠਾ ਕਰ ਅਤੇ ਮੱਝ ਦੀ ਤਲਾਸ਼ ਲਈ ਸਾਰੇ ਪਿੰਡ ਨੂੰ ਉਕਸਾ। ਸ਼ਰਾਬੀਆਂ ਤੇ ਮੁਸ਼ਟੰਡਿਆਂ ਨੂੰ ਮੌਕਾ ਚਾਹੀਦਾ ਹੈ। ਸਿਖਰ ਦੁਪਹਿਰੇ ਪਿੰਡ ਦਾ ਇਕੱਠ ਹੋਇਆ। ਸਾਰਿਆਂ ਨੂੰ ਬੇਨਤੀ ਕੀਤੀ ਗਈ ਕਿ ਸਰਪੰਚ ਦੀ ਗਵਾਚੀ ਹੋਈ ਮੱਝ ਦੀ ਤਲਾਸ਼ ਕੀਤੀ ਜਾਵੇ। ਜੇਕਰ ਸਰਪੰਚ ਦੀ ਹੀ ਕੋਈ ਚੀਜ਼ ਪਿੰਡ ਵਿੱਚ ਸੁਰਖਿਅਤ ਨਹੀਂ ਤਾਂ ਬਾਕੀਆਂ ਦਾ ਕੀ ਬਣੂੰ? ਵਿਚੋਂ ਹੀ ਕੋਈ

ਬੋਲ ਪਿਆ ਕਿ ਮੱਝ ਤਾਂ ਲੱਭ ਹੀ ਪਊ ਪਰ ਸਰਪੰਚ ਨੂੰ ਚਾਹੀਦਾ ਹੈ ਕਿ ਕਦੇ-ਕਦੇ ਮੁੰਡਿਆਂ ਨੂੰ ਖੁਸ਼ ਵੀ ਕਰ ਦਿਆ ਕਰੇ। ਇੰਨੀ ਗਲ ਕਹਿਣ ਦੀ ਦੇਰ ਸੀ ਸ਼ਾਮ ਨੂੰ ਸਰਪੰਚ ਨੇ ਆਪਣੇ ਹਮਜੋਲੀਆਂ ਨੂੰ ਨਿਉਂਦਾ ਦੇ ਦਿਤਾ। ਫੌਜੀ ਸੋਹਣ ਸਿੰਘ ਨੇ ਇਸ ਗੱਲ ਵਿੱਚ ਬੜਾ ਮਾਣ ਸਮਝਿਆ। ਜਿਨ੍ਹਾਂ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣਾ ਸੀ, ਉਹ ਆਪ ਹੀ ਇਸ ਕੰਮ ਦੇ ਭਾਗੀ ਬਣ ਗਏ। ਬਜਾਏ ਨਸ਼ਿਆਂ ਦੀ ਵਰਤੋਂ ਰੋਕਣ ਦੇ ਉਹ ਆਪ ਨਸ਼ੇ ਵਰਤਾਉਣ ਦਾ ਨਿਉਂਦਾ ਦੇਣ ਲਗ ਪਏ। ਫਿਰ ਕੀ ਸੀ ਸਰਪੰਚ ਸ਼ਰਾਬੀਆਂ ਦੇ ਗੜ੍ਹ ਵਿਚ ਫਸ ਗਿਆ। ਝੂਠੀ ਸ਼ੁਹਰਤ ਲਈ ਕਈ ਵਾਰੀ ਚੰਗਾ ਭਲਾ ਬੰਦਾ ਚੋਰੀ-ਯਾਰੀ, ਜੁਆਰੀ ਨਸ਼ਈ ਮਹਿਫਲ ਲਈ ਉਤਸਕ ਹੋ ਜਾਂਦਾ ਹੈ। ਸਰਪੰਚ ਹਰ ਰੋਜ਼ ਥਾਣੇ ਜਾਇਆ ਕਰੇ, ਨਾ ਮੱਝ ਲੱਭੇ ਨਾ ਸਰਪੰਚ ਦੀ ਚੌਧਰ ਵਧੇ।

**੧੭.** ਆਦਮਪੁਰ ਦੋਆਬਾ। ਉਤਰੀ ਭਾਰਤ ਵਿਚ ਖੱਦਰ ਭੰਡਾਰ ਦਾ ਕੇਂਦਰ। ਬਜ਼ੁਰਗ ਦੱਸਦੇ ਹਨ ਕਿ ਪੁਰਾਣੇ ਸਮਿਆਂ ਤੋਂ ਆਦਮਪੁਰ ਦਾ ਦੁਸਹਿਰਾ ਭਰਦਾ ਆਉਂਦਾ ਹੈ। ਉਂਝ ਖੱਦਰ ਪੋਸ਼ੀਆਂ ਦਾ ਪੱਕਾ ਗੜ੍ਹ ਹੈ। ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਬਾਅਦ ਮ.ਦ.ਕ.ਚ. ਗਾਂਧੀ ਅਲਾਵਲ ਪੁਰ ਹੋਣ ਤੋਂ ਬਾਅਦ ਆਦਮਪੁਰ ਆਇਆ ਸੀ ਅਤੇ ਉਸੇ ਦਿਨ ਤੋਂ ਖੱਦਰ ਭੰਡਾਰ ਚਾਲੂ ਹੋ ਗਿਆ ਸੀ। ਜਦੋਂ ਤੋਂ ਸੰਤ ਮਹਾਰਾਜ ਸਿੰਘ ਜੀ ਦੀ ਮੁਖਬਰੀ ਕੀਤੀ ਅਤੇ ਝਿੱੜੀ ਵਿਚੋਂ ਸਿੱਖ ਜਰਨੈਲ ਪਕੜੇ ਗਏ ਉਦੋਂ ਤੋਂ ਹੀ ਇਹ ਬੱਬਰਾਂ ਦੀ ਨਜ਼ਰ ਵਿਚ ਹੈ। ਸੰਤ ਮਹਾਰਾਜ ਸਿੰਘ ਜੀ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜਾਂ ਤੋਂ ਅਜ਼ਾਦ ਰੱਖਣਾ ਚਾਹੁੰਦੇ ਸਨ। ਇਸ ਥਾਂ ਤੇ ਮੁਖਬਰੀ ਸਦਕਾ ਉਨ੍ਹਾਂ ਨੂੰ ੨੦-੨੧ ਸਿੰਘਾਂ ਸਮੇਤ ਪਕੜਿਆ ਗਿਆ ਸੀ ਅਤੇ ਡਿਪਟੀ ਕਮਿਸ਼ਨਰ ਹੈਨਰੀ ਵੈਨਸਟਾਰਟ ਦੀ ਸਿਫਾਰਸ਼ ਉੱਤੇ ਗਵਰਨਰ ਜਨਰਲ ਦੇ ਹੁਕਮਾਂ ਨਾਲ ਜਲਾਵਤਨ ਕਰਵਾਇਆ ਗਿਆ ਸੀ। ਉਸ ਸਮੇਂ ਤੋਂ ਹੀ ਆਦਮਪੁਰ ਮਸ਼ਹੂਰ ਰਿਹਾ ਹੈ। ਵੱਡੇ ਪਿੰਡਾਂ ਵਾਲੀਆਂ ਸਾਰੀਆਂ ਸਹੂਲਤਾਂ ਮਿਲੀਆਂ। ਥਾਣੇ ਦਾ ਸਥਾਪਤ ਹੋਣਾ, ਫੌਜੀ ਚੌਂਕੀ, ਫੌਜ ਦਾ ਪੜਾਅ ਸਭ ਕੁਝ ਪੁਰਾਣਾ ਹੈ। ਆਦਮਪੁਰ ਦੀ ਉਹ ਝਿੜੀ, ਜਿਥੋਂ ਇਹ ਸਿੰਘ ਫੜੇ ਗਏ ਸਨ, ਨੂੰ ਸਾਫ ਕਰਵਾ ਕੇ ਫੌਜ ਲਈ

ਪੜਾਅ ਦਾ ਮੈਦਾਨ ਬਣਾ ਦਿੱਤਾ ਗਿਆ ਅਤੇ ਹਰ ਸਾਲ ਉਥੇ ਦੁਸ਼ਹਿਰਾ ਲੱਗਣ ਲੱਗ ਪਿਆ। ਮੁਖਬਰੀਆਂ ਦੇ ਇਨਾਮ ਮਿਲਣ ਕਰਕੇ ਅੰਗਰੇਜਾਂ ਦੇ ਸਮੇਂ ਤੋਂ ਹੀ ਦੁਸਹਿਰਾ, ਛਿੰਝਾਂ, ਨਕਲਾਂ, ਕਵਾਲੀਆਂ, ਭੰਡਾਂ ਦੇ ਟੋਟਕੇ, ਖੇਡਾਂ ਆਦਿ ਇਸ ਪਿੰਡ ਦੀ ਕਾਫੀ ਪੁਰਾਣੀ ਰਿਵਾਇਤ ਰਹੀ ਹੈ। ਦੁਸਹਿਰਾ ਖ਼ੂਬ ਭਰਦਾ ਹੈ। ਦੁਸਹਿਰੇ ਨੂੰ ਸਹੀ-ਸਲਾਮਤ ਸਿਰੇ ਚਾੜ੍ਹਨਾ ਥਾਣੇਦਾਰ ਦਾ ਖਾਸ ਕੰਮ ਰਿਹਾ ਹੈ। ਅੱਜ ਵੀ ਦੁਸਹਿਰਾ ਹੈ। ਸੀਤਾ ਰਾਮ ਠਾਣੇਦਾਰ ਆਪਣੀ ਪੁਲਿਸ ਪਾਰਟੀ ਨਾਲ ਲੋਕਾਂ ਦੇ ਝੁੰਡ ਉੱਤੇ ਨਿਗਾਹ ਰੱਖ ਰਿਹਾ ਹੈ। ਸੀਤਾ ਰਾਮ ਦਾ ਮੁੰਡਾ ਵੀ ਗਭਰੇਟ ਹੈ। ਇਕ ਆਦਮਪੁਰ, ਦੂਜਾ ਦੁਆਬੇ ਦਾ ਗੜ੍ਹ, ਤੀਜਾ ਥਾਣੇਦਾਰ ਦਾ ਮੁੰਡਾ, ਚੌਥਾ ਦੁਸ਼ਹਿਰੇ ਦਾ ਦਿਨ। ਕੌਣ ਰੋਕ ਸਕਦਾ ਹੈ। ਆਪਣੇ ਸਾਥੀਆਂ ਨਾਲ ਹੁਲੜਬਾਜ਼ੀ, ਟਿਚਰਾਂ, ਮਜ਼ਾਕ, ਹਾਸੇ ਹੋਣੀ। ਐਵੇਂ ਹੀ ਦੁਸਹਿਰਾ ਮੈਦਾਨ ਵਲ ਜਾਂਦਿਆਂ ਮੈਂ-ਮੈਂ ਤੂੰ-ਤੂੰ ਹੋ ਗਈ। ਖਲਕਤ ਦੇ ਹੜ੍ਹ ਵਿਚ ਕੌਣ ਕਿਸੇ ਨੂੰ ਜਾਣਦਾ ਹੈ। ਥਾਣੇਦਾਰ ਦੇ ਮੁੰਡੇ ਨੇ ਇਕ ਓਪਰੇ ਮੁੰਡੇ ਦੇ ਘਸੁੰਨ ਜੜ ਦਿੱਤਾ। ਉਹ ਡਿਗ ਪਿਆ। ਤਮਾਸ਼ਗੀਰ ਉਏ ਉਏ ਕਰਨ ਲਗ ਪਏ। ਮਸੀਂ ਉਠਿਆ। ਇਕ ਠਾਣੇਦਾਰ ਦਾ ਮੁੰਡਾ ਹੈ। ਦੂਜੇ ਗਰੀਬ ਦੇ ਵੀ ਕਈ ਸਾਥੀ। ਇਕ ਨੇ ਥਾਣੇਦਾਰ ਦੇ ਮੁੰਡੇ ਦੇ ਮੂੰਹ ਤੇ ਥੱਪੜ ਮਾਰ ਦਿਤਾ। ਚੰਗੀ ਘਸੁੰਨ ਮੁੱਕੀ ਹੋਈ। ਹੁਲੜਬਾਜ਼ੀ ਵਿਚ ਥਾਣੇਦਾਰ ਦਾ ਮੁੰਡਾ ਮੂਧੇ ਮੂੰਹ ਡਿਗ ਪਿਆ। ਖਲਕਤ ਖਿਸਕ ਗਈ। ਮੁੰਡਿਆਂ ਦੀ ਮੁੰਡਿਆਂ ਨਾਲ ਲੜਾਈ। ਪਰ ਹੈ ਤਾਂ ਮੁੰਡਾ ਥਾਣੇਦਾਰ ਦਾ। ਬੜੀ ਬੇਇਜ਼ਤੀ ਸਮਝੀ ਗਈ। ਕੌਣ ਸਨ ਕੁੱਟਣ ਵਾਲੇ। ਇਧਰ ਗਏ ਉਧਰ ਗਏ। ਮੇਲੇ ਵਿਚ ਅਲੋਪ ਹੋ ਗਏ। ਗੱਲ ਸੀਤਾ ਰਾਮ ਤਕ ਅਪੜ ਗਈ। ਪੁਲਿਸ ਨੇ ਬੜੀ ਕੋਸ਼ਿਸ਼ ਕੀਤੀ ਪਰ ਕੋਈ ਮੁੰਡਾ ਹੱਥ ਨਾ ਆਇਆ। ਨਾਲੇ ਮੇਲਿਆਂ ਵਿੱਚ ਅਜਿਹਾ ਮੁਸ਼ਟੰਡਾਪਨ ਅਤੇ ਖ਼ੂਨ ਖਰਾਬਾ ਆਮ ਹੈ। ਅਜਿਹੀਆਂ ਗੱਲਾਂ ਨੂੰ ਮਾਮੂਲੀ ਸਮਝਿਆ ਜਾਂਦਾ ਹੈ। ਇਥੇ ਤਾਂ ਵਡੇ ਠਾਣੇਦਾਰ ਦਾ ਮੁੰਡਾ ਸੀ। ਪੁਲਿਸ ਵਾਲਿਆਂ ਨੇ ਐਵੇਂ ਹੀ ਕਈ ਗਭਰੂ ਥਾਪੜ ਦਿਤੇ। ਮੇਲੇ ਵਿਚ ਇਸ ਗੱਲ ਦੀ ਚਰਚਾ ਹੋ ਗਈ ਕਿ ਮੁੰਡਿਆਂ ਨੇ ਠਾਣੇਦਾਰ ਦਾ ਮੁੰਡਾ ਕੁੱਟ ਸੁੱਟਿਆ ਹੈ। ਕੌਣ ਹੋਣਗੇ। ਮੇਲਾ ਭਰਵਾਂ ਸੀ। ਹੋਣਗੇ ਕੋਈ ਜਰੂਰ ਖਾਸ ਬੰਦੇ।

੧੮. ਚੁਗਲਖੋਰ, ਨਿੰਦਕ ਬਾਤ ਦਾ ਬਤੰਗੜ ਬਣਾ ਦਿੰਦੇ ਹਨ। ਚੁਗਲੀ ਉਪਰ ਸ਼ੰਕਾ ਦੀ ਲੜੀ ਜੋੜ ਦਿੰਦੇ ਹਨ। ਜਦ ਸ਼ੰਕਾ ਉਪਰ ਚੁਗਲੀ ਕੱਚੇ ਕੰਨਾਂ ਵਿੱਚ ਮੁੰਦਰਾਂ ਪੁਆ ਦਿੰਦੀ ਹੈ, ਤਦ ਚੁਗਲੀ ਸੁਨੱਖੀ ਹੁੰਦੀ ਜਾਂਦੀ ਹੈ। ਜਰੂਰ ਹੀ ਕੋਮਲ ਸਿੰਘ ਦੇ ਦੋਸਤ ਹੋਣਗੇ। ਪਤਾ ਕੀਤਾ ਕਿ ਕੋਮਲ ਸਿੰਘ ਤਾਂ ਦੁਸਹਿਰਾ ਦੇਖਣ ਹੀ ਨਹੀਂ ਜਾਂਦਾ। ਵਾਹ ਕੁੜੱਤਣ ਦੀ ਸੋਚ ਦੇ। ਜੇ ਦੁਸਹਿਰੇ ਜਾਂਦਾ ਹੁੰਦਾ ਤਾਂ ਸ਼ੱਕ ਹੋ ਸਕਦੀ ਸੀ ਪਰ ਜੇ ਨਹੀਂ ਗਿਆ ਤਾਂ ਵੀ ਇਸ ਸ਼ੱਕ ਤੇ ਸ਼ੱਕ ਹੋ ਗਈ ਕਿ ਉਹ ਦੁਸਹਿਰਾ ਮੱਤ ਦਾ ਵਿਰੋਧੀ ਹੈ। ਸ਼ੱਕ ਜਾਂ ਭਰਮ ਦਾ ਇਲਾਜ ਤਾਂ ਲੁਕਮਾਨ ਨੂੰ ਵੀ ਨਹੀਂ ਸੀ ਲੱਭਾ। ਮੇਲਾ ਮੁੰਡਿਆਂ ਦਾ ਅਤੇ ਸ਼ਰਾਰਤੀ ਤੱਤ ਕੋਮਲ ਸਿੰਘ ਦੇ ਜੋੜੀਦਾਰ ਹੋਣਗੇ। ਕੋਮਲ ਸਿੰਘ ਦੇ ਸਾਥੀਆਂ ਨੂੰ ਸਬਕ ਸਿਖਾਇਆ ਜਾਵੇਗਾ। ਦੁਸਹਿਰੇ ਤੋਂ ਇਕ ਦਿਨ ਛੱਡ ਕੇ ਕਾਲਜ ਖੁੱਲਣੇ ਸਨ। ਆਦਮਪੁਰ ਸਟੇਸ਼ਨ ਤੋਂ ਬਹੁਤ ਵਿਦਿਆਰਥੀ ਰੇਲ ਰਾਹੀਂ ਜਲੰਧਰ ਅਤੇ ਹੁਸ਼ਿਆਰਪੁਰ ਪੜ੍ਹਨ ਜਾਂਦੇ ਹਨ। ਪਰ ਕੋਮਲ ਸਿੰਘ ਤਾਂ ਕਾਲਿਜ ਵੀ ਸਾਈਕਲ ਤੇ ਹੀ ਜਾਂਦਾ ਹੈ। ਸਵੇਰੇ ਦਾ ਵੇਲਾ ਹੈ। ਵਿਦਿਆਰਥੀ ਗੱਡੀ ਦੀ ਉਡੀਕ ਕਰ ਰਹੇ ਹਨ। ਦੋ ਗੱਡੀਆਂ ਆਉਣੀਆਂ ਹਨ। ਜਲੰਧਰ ਵਾਲੀ ਹੁਸ਼ਿਆਰਪੁਰ ਜਾਵੇਗੀ। ਹੁਸ਼ਿਆਰਪੁਰ ਵਾਲੀ ਜਾਲੰਧਰ ਜਾਵੇਗੀ। ਕਾਲਜੀਏ ਟ ਲੜਕੇ ਤੇ ਲੜਕੀਆਂ ਗੱਡੀਆਂ ਦੀ ਉਡੀਕ ਵਿਚ। ਉਧਰ ਜੰਗ ਸ਼ੇਰ ਬਹਾਦਰ, ਸੀਤਾ ਰਾਮ ਦਾ ਪੁਤਰ ਹਸਪਤਾਲ ਵਿੱਚ ਦਾਖਲ ਹੈ। ਅਜੇ ਕਾਲਜ ਨਹੀਂ ਜਾ ਸਕਦਾ। ਸੱਟਾਂ ਲੱਗੀਆਂ ਹਨ। ਸੀਤਾ ਰਾਮ ਨੇ ਹੁਕਮ ਕੀਤਾ ਕਿ ਜਿਹੜਾ ਵੀ ਮੁੰਡਾ ਤੁਹਾਡੇ ਹੱਥ ਆਵੇ ਝੰਬ ਝਾੜ ਸੁੱਟਿਓ। ਪੁਲਿਸ ਪਾਰਟੀ ਤਿਆਰ ਬਰ ਤਿਆਰ। ਨਾਲ ਲਗਦੇ ਪਿੰਡਾਂ ਦੇ ਬੱਚੇ ਖੁਰਦਪੁਰ, ਫਤਹਿਪੁਰ, ਹਰੀਪੁਰ, ਕੰਦੋਲਾ, ਪੰਡੋਰੀ ਨਿਝਰਾਂ ਅਤੇ ਹੋਰ ਥਾਵਾਂ ਦੇ ਕਾਲਿਜ ਨੂੰ ਜਾਣ ਲਈ ਤਿਆਰ। ਅੱਜ ਸ਼ੇਰ ਨਹੀਂ ਉਪੜਿਆ। ਉਸ ਨੂੰ ਜੰਗ ਲਗ ਗਿਆ। ਵਿਚੋਂ ਹੀ ਕੋਈ ਬੋਲ ਪਿਆ। ਬਣਦਾ ਸੀ ਬੜਾ ਜੰਗ ਸ਼ੇਰ ਬਹਾਦਰ ਸਾਹਿਬਜਾਦਾ ਐਸ. ਐਚ. ਓ. ਆਦਮਪੁਰ। ਸਾਰੇ ਹੱਸਣ ਵਾਲੇ ਸਨ ਕਿ ਇਕ ਨੇ ਕਿਹਾ ਕਿ ਭੀੜ ਨੇ ਥਾਣੇ ਦਾਰੀ ਕੱਢ ਦਿਤੀ। ਹਾਲੇ ਹਸਪਤਾਲ ਹੀ ਹੈ। ਭੁਪਿੰਦਰ, ਕੁਲਵਿੰਦਰ, ਸਤਨਾਮ, ਸਰੂਪ, ਮੁੱਗਾ, ਕੇਵਲ ਤੇ ਹੋਰ ਖਬਰੇ ਕਿੰਨੇ ਗੱਡੀ ਦੀ ਉਡੀਕ ਕਰ ਰਹੇ ਸਨ।

ਆਪਸੀ ਗੱਲਾਂ ਚਲ ਪਈਆਂ। ਕਈਆਂ ਨੇ ਕਿਹਾ ਕਿ ਜੰਗ ਸ਼ੇਰ ਦੀ ਬਹਾਦਰੀ ਨਿਕਲ ਗਈ। ਕੋਈ ਕਹੇ ਕਿ ਪਿਉ ਠਾਣੇਦਾਰ ਹੈ। ਕੋਲ ਖੜੀਆਂ ਕੁੜੀਆਂ ਕੁਲਵਿੰਦਰ, ਕੁਲਵੰਤ, ਸੁਰਿੰਦਰ, ਮਹਿੰਦਰ, ਰਾਣੀ, ਨੀਨੂੰ, ਕਮਲਾ ਸ਼ਰਮਾ ਨੇ ਹੁੰਗਾਰਾ ਦਿੱਤਾ। ਆਕੜ ਤਾਂ ਬੜੀ ਸੀ। ਕੁਟਿਆ ਗਿਆ ਸ਼ੇਰ। ਪਲਾਂ ਵਿੱਚ ਹੀ ਪੁਲਿਸ ਪਾਰਟੀ ਆ ਗਈ। ਹੌਲਦਾਰ ਨੇ ਆਉਂਦਿਆਂ ਹੀ ਕਿਹਾ। ਹਾਂ ਬਈ ਨੌਜਵਾਨੋ ਕੱਲ ਕੌਣ-ਕੌਣ ਸੀ ਮੇਲੇ ਵਿੱਚ? ਭੁਪਿੰਦਰ ਨੇ ਕਿਹਾ ਕਿ ਮੇਲਾ ਤਾਂ ਸਾਰਿਆਂ ਨੇ ਹੀ ਦੇਖਿਆ ਹੋਣਾ ਹੈ। ਹੌਲਦਾਰ ਸੱਜਣ ਸਿੰਘ ਨੇ ਮੁੜ ਕਿਹਾ ਕੱਲ ਸਾਹਿਬ ਦੇ ਲੜਕੇ ਨੂੰ ਕਿਨ੍ਹਾਂ ਨੇ ਕੁਟਿਆ, ਸਾਨੂੰ ਦਸੋ? ਸਾਰੇ ਲੜਕਿਆਂ ਦਾ ਇਕੋ ਜਵਾਬ ਸੀ ਕਿ ਮੇਲੇ ਵਿੱਚ ਬੜੀ ਭੀੜ ਸੀ, ਕਿਹੜਾ ਕੋਈ ਕਿਸੇ ਨੂੰ ਪਛਾਣ ਸਕਦਾ ਹੈ। ਅਸੀਂ ਤਾਂ ਸੁਣਿਆ ਹੀ ਹੈ। ਸਾਰੇ ਸ਼ਹਿਰ ਨੂੰ ਪਤਾ ਲੱਗ ਗਿਆ ਹੈ। ਹੌਲਦਾਰ ਥੋੜ੍ਹਾ ਤੈਸ਼ ਵਿਚ ਆ ਗਿਆ ਅਤੇ ਬੋਲਿਆ ਕਿ ਤੁਹਾਡੇ ਵਿਚੋਂ ਕੋਮਲ ਸਿੰਘ ਦਾ ਜਮਾਤੀ ਕਿਹੜਾ ਹੈ? ਭੁਪਿੰਦਰ ਨੇ ਜਵਾਬ ਦਿਤਾ ਕਿ ਮੈਂ ਹਾਂ। ਸੱਜਣ ਸਿੰਘ ਹੌਲਦਾਰ ਨੇ ਮੁੜ ਕਿਹਾ ਕਿ ਤੂੰ ਹੀ ਦਸ ਕਿ ਇਹ ਕਾਰਾ ਕੀਹਨੇ ਕੀਤਾ ਹੈ? ਸਾਰੇ ਸੁਣ ਲਓ! ਸਾਨੂੰ ਜੰਗ ਸ਼ੇਰ ਬਹਾਦਰ ਨਾਲ ਹੋਈ ਲੜਾਈ ਬਾਰੇ ਪੂਰੀ ਜਾਣਕਾਰੀ ਹੈ ਪਰ ਤੁਸੀਂ ਸੱਚ ਸੱਚ ਦੱਸ ਦਿਓ। ਨਹੀਂ ਤਾਂ ਅਸੀਂ ਤੁਹਾਨੂੰ ਗੱਡੀ ਨਹੀਂ ਚੜ੍ਹਣ ਦੇਣਾ। ਮੁੰਡੇ ਕੁੜੀਆਂ ਹੁੰਗਾਰਾ ਦੇਣ ਲਗ ਪਏ ਕਿ ਤੁਸੀਂ ਆਪ ਲਭੋ। ਸਾਨੂੰ ਕੀ ਪਤਾ? ਪੁਲਿਸ ਵਾਲਿਆਂ ਧਮਕੀ ਦਿਤੀ ਕਿ ਤੁਸੀਂ ਸੱਚ ਸੱਚ ਦਸ ਦਿਓ। ਮੁੰਡੇ ਬੜੇ ਧੀਰਜ ਨਾਲ ਕਹਿਣ ਲਗੇ ਤੁਸੀਂ ਹੀ ਪੈੜ ਨੱਪੋ। ਐਵੇਂ ਪਾਣੀ ਵਿਚ ਮਧਾਣੀ ਪਾਈ ਜਾਂਦੇ ਹੋ। ਲੜਕੀਆਂ ਨੇ ਵੀ ਆਪਣੇ ਭਰਾਵਾਂ ਜਮਾਤੀਆਂ ਨਾਲ ਹਾਂ ਵਿੱਚ ਹਾਂ ਮਿਲਾਈ। ਸਗੋਂ ਕਈਆਂ ਨੇ ਨਹੋਰੇ ਵੀ ਮਾਰ ਦਿਤੇ ਕਿ ਅਜੇਹਾ ਕੰਮ ਤਾਂ ਮੌਕੇ ਤੇ ਕਰਨਾ ਸੀ। ਇਹ ਕੋਈ ਦੁਸਹਿਰਾ ਹੈ। ਪੁਲਿਸ ਵਾਲਿਆਂ ਨੇ ਆਪਣੇ ਸਾਹਿਬ ਦੀ ਸੇਵਾ ਕਰਨੀ ਹੈ। ਉਧਰੋਂ ਗੱਡੀ ਆ ਗਈ। ਇਧਰ ਪੁਲਿਸ ਅਤੇ ਵਿਦਿਆਰਥੀਆਂ ਦੀ ਘੈਂਸ ਘੈਂਸ ਵੱਧ ਗਈ। ਕੁੜੀਆਂ ਆਪੋ ਆਪਣੀ ਗੱਡੀ ਵਿਚ ਚੜ੍ਹ ਗਈਆਂ। ਮੁੰਡਿਆਂ ਨੂੰ ਸਜਣ ਸਿੰਘ ਦੀ ਪੁਲਿਸ ਪਾਰਟੀ ਨੇ ਘੇਰਾ ਪਾ ਲਿਆ। ਲੜਕੇ ਕਾਲਿਜ ਲਈ ਗੱਡੀ ਫੜਣ। ਪੁਲਿਸ ਵਾਲੇ ਘੇਰਾ ਪੱਕਾ ਘੱਤਣ। ਇਸ ਰੌਲੇ



www.punjabilibrary.com 

ਰੱਪੇ ਵਿਚ ਗੱਡੀ ਨੇ ਚੀਕ ਮਾਰ ਦਿੱਤੀ। ਭੁਪਿੰਦਰ ਨੇ ਘੇਰਾ ਤੋੜ ਕੇ ਗੱਡੀ ਚੜਣ ਦੀ ਕੋਸ਼ਿਸ਼ ਕੀਤੀ ਤਾਂ ਹੌਲਦਾਰ ਨੇ ਉਸ ਨੂੰ ਗੁੱਟ ਤੋਂ ਫੜ ਲਿਆ। ਮੁੰਡਿਆਂ ਨੇ ਜ਼ੋਰ ਦੇ ਨਾਲ ਧੱਕਾ ਮਾਰਿਆ। ਸਜਣ ਸਿੰਘ ਥਿੜ ਕੇ ਡਿਗ ਪਿਆ। ਬਸ ਫੇਰ ਕੀ ਸੀ। ਪੁਲਿਸ ਵਾਲਿਆਂ ਨੇ ਮੁੰਡਿਆਂ ਉੱਤੇ ਡਾਂਗਾ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ। ਭੁਪਿੰਦਰ, ਕੁਲਵਿੰਦਰ, ਕੇਵਲ ਤੇ ਸਰੂਪ ਨੂੰ ਕਾਬੂ ਕਰ ਲਿਆ। ਕਈ ਡਰਦੇ ਮਾਰੇ ਘਰਾਂ ਨੂੰ ਦੌੜ ਗਏ। ਉਂਝ ਉਨਾਂ ਨੇ ਇਹ ਹੌਸਲਾ ਕੀਤਾ ਕਿ ਭੁਪਿੰਦਰ ਹੋਰਾਂ ਦੇ ਘਰੀਂ ਸੁਨੇਹਾ ਪਹੁੰਚਾ ਦਿੱਤਾ। ਕੁੜੀਆਂ ਨੇ ਕਾਲਿਜਾਂ ਵਿਚ ਜਾ ਕੇ ਆਪਣੀਆਂ ਸਹੇਲੀਆਂ ਨੂੰ ਦੱਸ ਦਿਤਾ। ਸਾਰੇ ਕਾਲਿਜਾਂ ਵਿਚ ਪਤਾ ਲੱਗ ਗਿਆ। ਭੁਪਿੰਦਰ ਕਾਲਜ ਦੀ ਭੰਗੜੇ ਦੀ ਟੀਮ ਦਾ ਮੋਹਰੀ ਸੀ। ਬੜੇ ਮਿਲੱਪੜੇ ਸੁਭਾਅ ਦਾ ਸੀ। ਅੱਛਾ ਬੁਲਾਰਾ ਸੀ, ਮੁੰਡਿਆਂ ਵਿੱਚ ਓਹਦੀ ਆਮ ਵਾਕਫੀ ਸੀ। ਜਲੰਧਰ ਵਿਚ ਕਈ ਕਾਲਿਜ ਹਨ। ਮੁੰਡੇ ਆਪਸ ਵਿਚ ਮਿਲਦੇ ਜੁਲਦੇ ਹਨ। ਹੌਲੀ ਹੌਲੀ ਸਾਰੇ ਕਾਲਜਾਂ ਵਿਚ ਗੱਲ ਫੈਲ ਗਈ ਕਿ ਪੁਲਿਸ ਨੇ ਕਾਲਜ ਦੇ ਮੁੰਡਿਆਂ ਨੂੰ ਰੇਲ ਚੜਣ ਸਮੇਂ ਕੁੱਟਿਆ ਮਾਰਿਆ। ਉਧਰ ਤਿੰਨ ਚਾਰ ਪਿੰਡਾਂ ਦੇ ਮੁੰਡਿਆਂ ਦੇ ਮਾਪਿਆਂ ਨੇ ਵੀ ਆਪੋ- ਆਪਣੇ ਲੜਕਿਆਂ ਨੂੰ ਪੁਲਸ ਕੋਲੋਂ ਛਡਾਉਣ ਲਈ ਗੱਲ ਤੋਰ ਦਿਤੀ।

**੧੯.** ਦੂਜੇ ਦਿਨ ਥਾਣਾ ਆਦਮਪੁਰ ਦੇ ਸਾਹਮਣੇ ਕਾਫੀ ਚਰਚਾ ਸ਼ੁਰੂ ਹੋ ਗਈ। ਕੋਈ ਕਹੇ ਪੁਲਿਸ ਨੇ ਵਧੀਕੀ ਕੀਤੀ ਹੈ। ਕੋਈ ਕਹੇ ਮੁੰਡਿਆਂ ਨੇ ਕੋਈ ਸ਼ਰਾਰਤ ਕੀਤੀ ਹੋਣੀ ਹੈ। ਜਿੰਨੇ ਮੂੰਹ ਓਨੀਆਂ ਗੱਲਾਂ। ਝਗੜੇ ਦੀ ਮੂਲ ਜੜ੍ਹ ਤੋਂ ਬਹੁਤ ਹੀ ਅਣਜਾਣ। ਲੜਕੇ ਬੇਕਸੂਰ ਹੋਣ ਦੀ ਝਲਕ ਪੈਂਦੀ ਸੀ। ਪਰ ਹਾਲਾਤ ਐਸੇ ਬਣੇ ਹੋਏ ਹਨ ਕਿ ਸੱਚ ਝੂਠ ਜਾਣਨ ਦਾ ਕੋਈ ਪੈਮਾਨਾ ਨਹੀਂ ਸੀ ਮਿਲਦਾ। ਕਾਫੀ ਚਰਚਾ ਹੋਈ। ਸੀਤਾ ਰਾਮ ਐਚ.ਐਚ.ਓ. ਹਰ ਗੱਲ ਤੇ ਪੜਦਾ ਪਾਉਂਦਾ। ਮੁੰਡਿਆਂ ਨੂੰ ਅਤਿਵਾਦੀ ਅਨਸਰਾਂ ਦੇ ਸੰਚੇ ਵਿਚ ਪਾਉਣ ਦੀ ਪੁਸ਼ਟੀ ਕਰੀ ਜਾਂਦਾ। ਅਸੀਂ ਸੱਚ ਨੂੰ ਸੱਚ ਕਹਿਣ ਤੋਂ ਝਿਜਕ ਜਾਂਦੇ ਹਾਂ। ਅਸੀਂ ਝੂਠ ਨੂੰ ਝੂਠ ਕਹਿਣ ਤੋਂ ਵੀ ਮੁਕਰ ਜਾਂਦੇ ਹਾਂ। ਮੁੰਡੇ ਜਲੰਧਰ

ਤੇ ਹੁਸ਼ਿਆਰਪੁਰ ਦੇ ਕਾਲਜਾਂ ਵਿਚ ਪੜ੍ਹਦੇ ਸਨ। ਗੱਲ ਦੋਹਾਂ ਜਿਲ੍ਹਿਆਂ ਵਿਚ ਫੈਲ ਗਈ। ਜਲੰਧਰ ਜ਼ਿਲ੍ਹੇ ਨਾਲ ਲਗਦਾ ਕਪੂਰਥਲਾ ਜ਼ਿਲ੍ਹਾ ਹੈ। ਕਪੂਰਥਲੇ ਦੇ ਫਗਵਾੜਾ, ਪਾਸ਼ਟਾਂ ਤੇ ਡਰੋਲੀ ਦੇ ਕਾਲਜਾਂ ਦਾ ਮੇਲ ਜੋਲ ਹੁਸ਼ਿਆਰਪੁਰ ਜਲੰਧਰ ਨਾਲ ਰੋਜ਼ਾਨਾ ਹੀ ਹੈ। ਜਦ ਇਹ ਵਿਵਾਦ ਤਿੰਨ ਜਿਲਿਆਂ ਵਿਚ ਦੰਦ ਕਥਾ ਬਣ ਗਿਆ ਤਾਂ ਜਲੰਧਰ ਦੀਆਂ ਅਖਬਾਰਾਂ ਦੇ ਕੰਨੀ ਵੀ ਭਿੰਨਕ ਪੈ ਗਈ। ਜਲੰਧਰ ਉਤਰੀ ਭਾਰਤ ਵਿਚ ਸਭ ਤੋਂ ਵੱਧ ਅਖਬਾਰਾਂ ਦੀ ਛਪਾਈ ਅਤੇ ਵੰਡ ਕਰਦਾ ਹੈ। ਅਖਬਾਰਾਂ ਨੇ ਆਪਣੇ ਨਜ਼ਰੀਏ ਨਾਲ ਖਬਰ ਛਾਪਣੀ ਹੁੰਦੀ ਹੈ। ਉਨ੍ਹਾਂ ਨੇ ਵਿਦਿਆਰਥੀ ਅੰਦੋਲਨ ਦੀ ਵੀ ਨਬਜ਼ ਪਛਾਨਣੀ ਹੁੰਦੀ ਹੈ। ਮੌਕਾ ਗੜਬੜ ਵਾਲੇ ਹਾਲਾਤਾਂ ਦਾ ਹੈ। ਇਸ ਲਈ ਪੁਲਿਸ ਨੂੰ ਵੀ ਆਪਣੇ ਨਾਲ ਰਖਣਾ ਹੈ। ਥਾਣੇਦਾਰ ਦੇ ਮੁੰਡੇ ਵਲੋਂ ਦੁਸਹਿਰੇ ਵਿਚ ਕੀਤੀ ਹੁਲੜਬਾਜੀ ਛੋਟੀ ਜਿਹੀ ਧੌਂਸ ਨੇ ਕਿਵੇਂ ਦੁਆਬਾ ਸਮਾਜ ਝੰਝੋੜ ਕੇ ਰਖ ਦਿਤਾ। ਜਲੰਧਰ ਦੀ ਮਸ਼ਹੂਰ, ਲੋਕਾਂ ਦੀ ਅਵਾਜ ਕੌਮੀ ਅਖਬਾਰ ਨੇ ਖਬਰ ਛਾਪੀ:

ਆਦਮਪੁਰ ਰੇਲਵੇ ਸਟੇਸ਼ਨ ਤੇ ਪੁਲਿਸ ਵਲੋਂ ਕਾਲਜ ਜਾਂਦੇ ਵਿਦਿਆਰਥੀਆਂ ਦਾ ਕੁਟਾਪਾ। ਪੁਲਿਸ ਦੀ ਗਸ਼ਤੀ ਪਾਰਟੀ ਨੇ ਸ਼ੱਕ ਦੀ ਬਿਨ੍ਹਾ ਤੇ ਆਦਮਪੁਰ ਤੋਂ ਜਲੰਧਰ ਹੁਸ਼ਿਆਰਪੁਰ ਰੇਲ ਰਾਹੀਂ ਪੜ੍ਹਨ ਜਾਂਦੇ ਵਿਦਿਆਰਥੀਆਂ ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਅਤੇ ਫੱਟੜ ਵਿਦਿਆਰਥੀਆਂ ਨੂੰ ਮੱਲਮ ਪੱਟੀ ਵੀ ਨਹੀਂ ਕਰਾਈ। ਇਸ ਝਗੜੇ ਦਾ ਮੂਲ ਕਾਰਨ ਆਦਮਪੁਰ ਦੇ ਥਾਣੇਦਾਰ ਦੇ ਮੁੰਡੇ ਦੀ ਕੁਝ ਵਿਦਿਆਰਥੀਆਂ ਨਾਲ ਰੰਜਸ਼ ਹੈ। ਥਾਣੇਦਾਰ ਨੇ ਇਸ ਪੱਤਰ ਪ੍ਰੇਰਕ ਨੂੰ ਕੋਈ ਕਾਰਨ ਦੱਸਣ ਤੋਂ ਇਨਕਾਰ ਕੀਤਾ ਹੈ।

**੨੦.** ਪੰਜਾਬ ਦੀ ਅਵਾਜ ਦੁਆਬਾ ਕੇਸਰੀ ਨੇ ਆਪਣੀ ਅਖਬਾਰ ਵਿਚ ਇਉਂ ਖਬਰ ਛਾਪੀ :

ਕਲ ਸਵੇਰੇ ਮੂੰਹ ਹਨੇਰੇ ਆਦਮਪੁਰ ਰੇਲਵੇ ਸਟੇਸ਼ਨ ਤੇ ਪੁਲੀਸ ਨੇ ਬੜੀ ਜਦੋਜਹਿਦ ਕਰਕੇ ਅਤਿਵਾਦੀਆਂ ਦੇ ਇਕ ਗ੍ਰੋਹ ਨੂੰ ਕਾਬੂ ਕੀਤਾ ਹੈ। ਇਹ ਅਤਿਵਾਦੀ ਰੇਲ ਰਾਹੀਂ ਅਸਲੇ ਸਮੇਤ ਜਲੰਧਰ ਤੇ ਹੁਸ਼ਿਆਰਪੁਰ ਵਲ ਜਾ ਰਹੇ

ਸੀ। ਸੂਹੀਆ ਖਬਰ ਮਿਲਣ ਤੇ ਪੁਲੀਸ ਨੇ ਨਾਕਾ ਲਾਇਆ। ਕੁਝ ਨੂੰ ਹਿਰਾਸਤ ਵਿਚ ਲੈ ਲਿਆ। ਕਈ ਅਨੇਰੇ ਦੀ ਆੜ ਵਿਚ ਬਚ ਨਿਕਲੇ। ਇਸ ਜਦੋਜਹਿਦ ਵਿਚ ਪੁਲੀਸ ਦਾ ਹਵਾਲਦਾਰ ਸਜਣ ਸਿੰਘ ਗੰਭੀਰ ਰੂਪ ਵਿਚ ਫੱਟੜ ਹੋ ਗਿਆ, ਜੋ ਕਿ ਜ਼ੇਰੇ ਇਲਾਜ ਹੈ। ਖਬਰ ਛਪਣ ਤਕ ਪੁਲੀਸ ਬਾਕੀਆਂ ਦੀ ਭਾਲ ਕਰ ਰਹੀ ਸੀ। ਉੱਚ ਅਧਿਕਾਰੀ ਮੌਕੇ ਤੇ ਪਹੁੰਚ ਗਏ ਹਨ।

**੨੧.** ਖਲਕਤ ਦੀ ਤੀਸਰੀ ਅਖਬਾਰ ਸਮਾਚਾਰ ਭਾਰਤੀ ਲਿਖਦੀ ਹੈ ਕਿ ਕਲ ਆਦਮਪੁਰ ਸਟੇਸ਼ਨ ਤੇ ਵਿਦਿਆਰਥੀਆਂ ਅਤੇ ਪੁਲੀਸ ਨਾਕਾ ਪਾਰਟੀ ਦਾ ਝਗੜਾ ਹੋ ਗਿਆ, ਜਿਸ ਵਿਚ ਪੁਲੀਸ ਮੁਲਾਜਮ ਫਟੜ ਹੋ ਗਿਆ। ਵਿਦਿਆਰਥੀ ਵੀ ਪੁਲੀਸ ਲਾਠੀਚਾਰਜ ਦੇ ਸ਼ਿਕਾਰ ਹੋਏ। ਇਸ ਪੱਤਰ ਪ੍ਰੇਰਕ ਨੇ ਮਾਮਲੇ ਦੀ ਤਹਿ ਤਕ ਜਾਣ ਦੀ ਕੋਸ਼ਿਸ਼ ਕੀਤੀ। ਅਤਿਵਾਦੀਆਂ ਦਾ ਇਸ ਮਾਮਲੇ ਨਾਲ ਨਾਤਾ ਹੋਣ ਦਾ ਕੋਈ ਸਬੂਤ ਸਾਹਮਣੇ ਨਹੀਂ ਆਇਆ। ਪੁਲੀਸ ਸੂਤਰਾਂ ਅਨੁਸਾਰ ਅਤਿਵਾਦੀਆਂ ਦਾ ਪ੍ਰਭਾਵ ਕਾਫੀ ਹੈ। ਅਤਿਵਾਦੀ ਪੰਜਾਬ ਵਿੱਚ ਅਰਾਜਕਤਾ ਫੈਲਾਉਣੀ ਚਾਹੁੰਦੇ ਹਨ। ਖੁਫੀਆ ਏਜੰਸੀਆਂ ਅਨੁਸਾਰ ਅਤਿਵਾਦੀਆਂ ਦਾ ਹੱਥ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**੨੨.** ਜਲੰਧਰ ਅਖਬਾਰਾਂ, ਰਸਾਲੇ, ਕਿਤਾਬਾਂ ਛਾਪਣ ਵਾਲਿਆਂ ਦੀ ਕਾਗਜੀ ਰਾਜਧਾਨੀ ਹੈ। ਕੁਝ ਨਾ ਕੁਝ ਛਾਪਣ ਨੂੰ ਚਾਹੀਦਾ ਹੈ। ਅਖਬਾਰ ਵਾਲਿਆਂ ਨੇ ਆਪਣੀ ਅਖਬਾਰ ਚਲਾਉਣੀ ਹੈ। ਉਨ੍ਹਾਂ ਦਾ ਕੇਵਲ ਤੇ ਕੇਵਲ ਇਕੋ ਹੀ ਮਕਸਦ ਹੁੰਦਾ ਹੈ। ਅਖਬਾਰ ਦੀ ਪ੍ਰਫੁਲਤਾ। ਜਿਹੋ ਜਿਹਾ ਲੋਕਾਂ ਦਾ ਮਨ ਲੁਭਾਉਣਾ ਮਨੋਰੰਜਨ ਬਣੇ ਉਸੇ ਤਰੀਕੇ ਨਾਲ ਖਬਰ ਛਾਪਣ ਦੀ ਦਿਲਚਸਪੀ ਬਣਦੀ ਹੈ। ਅਖਬਾਰ ਵਿਚ ਛਪੀ ਖਬਰ ਬੰਦੇ ਨੂੰ ਧਰਤੀ ਤੋਂ ਅਕਾਸ਼ ਪਹੁੰਚਾ ਦਿੰਦੀ ਹੈ। ਤੇ ਨਾਲੇ ਸੀਤਾ ਰਾਮ ਐਚ. ਐਸ. ਓ. ਦੀ ਕੀਤੀ ਕਾਰਵਾਈ ਦੀ ਖਬਰ। ਅਖਬਾਰਾਂ ਵਿਚ ਛਪੀਆਂ ਖਬਰਾਂ ਨੇ ਥਾਣੇਦਾਰ ਨੂੰ ਹੋਰ ਵੀ ਚੱਕ ਦਿਤਾ। ਨਿਹੱਕ, ਬੇਕਸੂਰ, ਅੱਲੜ੍ਹ ਜਵਾਨ ਮੁੰਡੇ, ਅਣਲੱਗ ਕਪੜੇ ਵਰਗੇ ਬੱਚੇ, ਖੁਸ਼ਬੂਦਾਰ ਫੁਲਾਂ ਵਰਗੇ ਗੱਭਰੂ ਅਤਿਵਾਦ ਦੀ ਰੰਗਾਈ ਵਿਚ ਭਿਉਂ ਦਿਤੇ। ਮੁਢਲੀ ਰਪਟ ਤੋਂ ਅਗਲੀ ਰਪਟ ਬਦਲਕੇ ਸੰਵਿਧਾਨ ਦੀਆਂ ਗੁੜੀਆਂ

ਧਾਰਾਵਾਂ ਦੀ ਸੰਘਣੇ ਮੱਕੜੀ ਜਾਲ ਵਿੱਚ ਫਸ ਗਈ। ਪੁਲੀਸ ਨੇ ਲੋਕਾਂ ਦੇ ਰੋਹ ਅਤੇ ਅਖਬਾਰਾਂ ਦੀਆਂ ਖਬਰਾਂ ਨੂੰ ਭਾਂਪਦਿਆਂ ਹੋਇਆਂ ਅਲੜ ਨੌਜਵਾਨ ਅਦਾਲਤ ਵਿਚ ਪੇਸ਼ ਕੀਤੇ ਅਤੇ ਉਹਨਾਂ ਦੀ ਤਫਤੀਸ਼ ਕਰਨ ਲਈ ਪੁਲੀਸ ਰਿਮਾਂਡ ਲੈ ਲਿਆ। ਨਾਲ ਹੀ ਆਪਣਾ ਕੇਸ ਪੱਕਾ ਕਰਨ ਲਈ ਕੋਮਲ ਸਿੰਘ ਦੇ ਘਰ ਜਾ ਛਾਪਾ ਮਾਰਿਆ। ਝੂਠ ਦਾ ਬੀਜਿਆ ਬੀਜ ਅਕਲਮੰਦਾਂ ਨੂੰ ਝੂਠ ਦੇ ਬੂਟੇ ਨੂੰ ਪ੍ਰਫੁਲਤ ਕਰਨ ਲਈ ਪਾਣੀ ਪਾਉਣ ਲਈ ਮਜਬੂਰ ਕਰ ਦਿੰਦਾ ਹੈ। ਜੇ ਅਕਲਮੰਦ ਅਖਬਾਰ ਤੇ ਯਕੀਨ ਕਰ ਜਾਵੇ ਤਾਂ ਉਹ ਬੇਵਕੂਫ ਨਾਲੋਂ ਵੀ ਗਿਆ ਗੁਜਰਿਆ ਸਮਝੋ। ਅਜਿਹਾ ਹੀ ਲੋਕਾਂ ਦੇ ਝੁੰਡ ਨੇ ਕੋਮਲ ਸਿੰਘ ਅਤੇ ਭੁਪਿੰਦਰ ਸਿੰਘ ਦੇ ਹਮਾਇਤੀਆਂ ਨਾਲ ਕੀਤਾ। ਜਿਹੜੇ ਪਹਿਲਾਂ ਕਹਿੰਦੇ ਸੀ ਕਿ ਇਹ ਇਕ ਨੇਕ ਇਨਸਾਨ ਹਨ, ਚੰਗਾ ਲੜਕਾ ਹੈ, ਗੁਰਮੁਖ ਪੈਦਾ ਹੋਇਆ ਹੈ। ਆਪਣੀ ਉਮਰ ਨਾਲੋਂ ਵਧ ਸਿਆਣਪ ਦੀ ਗੱਲ ਕਰਦਾ ਹੈ। ਇਸ ਨੂੰ ਜ਼ਮਾਨੇ ਦੀ ਹਵਾ ਨਹੀਂ ਲੱਗੀ। ਉਹ ਬੰਦੇ ਹੀ ਊਟ ਪਟਾਂਗ ਬੋਲਣ ਲੱਗ ਪਏ। ਮੁੱਦੇ ਦੀ ਜੜ੍ਹ ਤਕ ਜਾਣਾ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ। ਬੰਦੇ ਨੂੰ ਬੰਦੇ ਦੀ ਸ਼ਨਾਖਤ ਕਰਨ ਦੀ ਸਮਝ ਹੀ ਇਨਸਾਨ ਕਹਿਣ ਕਾਬਲ ਹੈ। ਨਹੀਂ ਤਾਂ ਹੈਵਾਨ ਤੇ ਇਨਸਾਨ ਵਿਚ ਫਰਕ ਕੇਵਲ ਸਿਰ ਦਾ ਹੀ ਹੈ। ਕੋਮਲ ਸਿੰਘ ਨੂੰ ਠਾਣੇ ਲਿਜਾਣ ਲਈ ਪੁਲੀਸ ਕਾਰਵਾਈ ਕਰਨ ਲੱਗੀ। ਪਿੰਡ ਦੀ ਪੰਚਾਇਤ ਦੇ ਸਾਹਮਣੇ ਲੰਬੜਦਾਰਾਂ ਦੀ ਹਾਜ਼ਰੀ ਵਿਚ ਕੋਮਲ ਪੁੱਛ-ਗਿੱਛ ਲਈ ਪੁਲੀਸ ਹਿਰਾਸਤ ਵਿਚ ਲਿਆ ਗਿਆ। ਥਾਣੇ ਲਿਜਾਕੇ ਕੋਮਲ ਸਿੰਘ ਦੇ ਹੱਥ ਬੰਨ ਕੇ ਬੇਰਹਿਮੀ ਨਾਲ ਕੁਟਿਆ ਗਿਆ। ਪੁਲੀਸ ਅਫਸਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਭੱਜਿਆ ਅਤਿਵਾਦੀ ਪੁਲੀਸ ਨੇ ਜਦੋ ਜਹਿਦ ਕਰਕੇ ਫੜ ਲਿਆ। ਫੜਣ ਵੇਲੇ ਉਹ ਕਿਧਰੇ ਦੂਰ ਦੁਰਾਡੇ ਜਾਣ ਦੀ ਤਾਕ ਵਿਚ ਸੀ। ਉਸਨੇ ਇਹ ਵੀ ਇਕਬਾਲ ਕੀਤਾ ਹੈ ਕਿ ਉਹ ਆਪਣੀਆਂ ਗਤੀਵਿਧੀਆਂ ਤੇਜ ਕਰਨ ਦੀ ਵਿਉਂਤ ਬਣਾ ਰਿਹਾ ਸੀ। ਪੁਲੀਸ ਨੇ ਭਰੋਸੇ ਯੋਗ ਵਸੀਲਿਆਂ ਨੂੰ ਵਰਤ ਕੇ ਅਤਿਵਾਦੀਆਂ ਵਲੋਂ ਕੀਤੀ ਜਾਣ ਵਾਲੀ ਭੰਨ ਤੋੜ ਤੇ ਦਹਿਸ਼ਤਗਰਦੀ ਨੂੰ ਨਾਕਾਮ ਕਰ ਦਿਤਾ ਹੈ। ਮੁੱਖ ਅਤਿਵਾਦੀ ਫੜ ਹੋ ਜਾਣ ਕਾਰਨ ਕਈ ਹੋਰ ਵੀ ਪੁਰਾਣੇ ਸੁਰਾਗ ਨਿਕਲਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਬਸ

ਫਿਰ ਕੀ ਸੀ। ਪੁਲੀਸ ਵਾਲਿਆਂ ਦੀਆਂ ਪੌ ਬਾਰਾਂ। ਪੁਲੀਸ ਕਪਤਾਨ, ਸੀਤਾ ਰਾਮ ਐਚ. ਐਚ. ਓ. ਤੇ ਹੋਰ ਮੁਲਾਜਮਾਂ ਨੂੰ ਸ਼ਾਬਾਸ਼ ਪੱਤਰ ਜਾਰੀ ਕਰਨ ਦੀਆਂ ਤਿਆਰੀਆਂ ਕਰਨ ਲੱਗ ਪਿਆ। ਚੰਡੀਗੜ੍ਹ ਵਿਖੇ ਪੰਜਾਬ ਪੁਲੀਸ ਦੇ ਮੁੱਖ ਕੇਂਦਰ ਨੂੰ ਵੀ ਸਥਿਤੀ ਤੋਂ ਜਾਣੂੰ ਕਰਵਾ ਦਿਤਾ ਗਿਆ।

**੨੩.** ਕਿੰਨੀਆਂ ਹੀ ਅਖਬਾਰਾਂ ਵਿੱਚ ਇਸ ਗੱਲ ਬਾਰੇ ਖਬਰਾਂ ਛਪੀਆਂ। ਅਖਬਾਰਾਂ ਦੀਆਂ ਖਬਰਾਂ ਤੋਂ ਇਲਾਵਾਂ ਜਿਹੜੇ ਲੋਕ ਕਿਤਾਬਾਂ ਨਹੀਂ ਪੜ੍ਹਦੇ, ਉਨ੍ਹਾਂ ਉੱਤੇ ਅਖਬਾਰੀ ਖਬਰਾਂ ਦਾ ਬਹੁਤ ਅਸਰ ਹੁੰਦਾ ਹੈ। ਪਿੰਡ ਦੀਆਂ ਨੁੱਕੜ ਸੁੱਕੜ ਥਾਵਾਂ, ਸ਼ਹਿਰਾਂ ਦੇ ਪਾਰਕਾਂ, ਅਜੇਹੀਆਂ ਚਲਾਊ ਕਹਾਣੀਆਂ ਤੇ ਮਨਘੜਤ ਗੱਪਾਂ ਤੇ ਕੱਚ ਘੜਤ ਗੱਲਾਂ, ਗੋਹੇ ਪੱਥਦੀਆਂ ਸੁਆਣੀਆਂ, ਮਕਾਣਾਂ ਦੀਆਂ ਟੋਲੀਆਂ, ਪਿੰਡਾਂ ਦੀਆਂ ਸੱਥਾਂ, ਬੁੜੀਆਂ ਦੀ ਸਮਾਂ ਟਪਾਊ ਮਿਲਣੀਆਂ ਆਦਿ ਅਜਿਹੀਆਂ ਗੱਲਾਂ ਦੀਆਂ ਬਹੁਤ ਸ਼ਿਕਾਰ ਹੁੰਦੀਆਂ ਹਨ। ਮਾਸ ਖਾਣਾ ਪਾਪ ਹੈ ਪਰ ਬੁੱਚੜ ਦਾ ਰੁਜ਼ਗਾਰ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਨਸ਼ੇ ਮਾੜੇ ਹਨ ਪਰ ਵੇਚਣੇ ਵਾਲੇ ਨਾਲੋਂ ਖਰੀਦਣ ਵਾਲਾ ਜਿਆਦਾ ਬੇਸਮਝ ਹੈ। ਮਾੜੀ ਤੋਂ ਮਾੜੀ ਚੀਜ ਖਰੀਦਣ ਲਈ ਵੱਧ ਤੋਂ ਵੱਧ ਖਿੱਚ ਹੈ। ਇਉਂ ਮੁਹੱਲੇ ਦੀਆਂ ਤੰਦਾਂ ਅਛਾਈ ਤੇ ਬੁਰਾਈ ਦੀ ਚਾਦਰ ਵਿਚ ਸਮੇਟੀਆਂ ਪਈਆਂ ਹਨ। ਕੋਮਲ ਸਿੰਘ ਦੇ ਪਰਵਾਰਿਕ ਬੰਦੇ ਭੁਪਿੰਦਰ ਸਿੰਘ ਦੇ ਰਿਸ਼ਤੇਦਾਰਾਂ ਨੂੰ ਮਿਲ ਕੇ ਮੁੰਡਿਆਂ ਨੂੰ ਛਡਾਉਣ ਲਈ ਨਾਲ ਲਗਦੇ ਪਿੰਡਾਂ ਵਿਚ ਗਏ। ਕਈ ਪਿੰਡਾਂ ਦੇ ਆਦਮੀ ਇਕਠੇ ਹੋ ਕੇ ਐਮ. ਐਲ. ਏ. ਕੁਕੜ ਸਿੰਘ ਦੇ ਪਾਸ ਗਏ। ਮੁੰਡਿਆਂ ਦੀ ਬੇਕਸੂਰ ਹੋਣ ਦੀ ਸ਼ਾਹਦੀ ਭਰੀ। ਐਮ. ਐਲ. ਏ. ਨੇ ਪਿੰਡ ਦੇ ਸਰਪੰਚ ਤੋਂ ਤਸਦੀਕ ਕਰਾਉਣ ਦੀ ਗੱਲ ਕੀਤੀ। ਸਰਪੰਚ ਤੋਂ ਵੀ ਦਰਆਫਤ ਹੋਣੀ ਚਾਹੀਦੀ ਹੈ। ਕੁਕੜ ਸਿੰਘ ਨੇ ਕਿਹਾ ਕਿ ਮੈਂ ਵੀ ਲੋਕਾਂ ਦਾ ਚੁਣਿਆ ਹੋਇਆ ਹਾਂ। ਅਸੀਂ ਲੋਕਾਂ ਦੀ ਤਸੱਲੀ ਕਰਨੀ ਹੈ। ਸਰਪੰਚ ਦੀ ਰਿਪੋਰਟ ਵੀ ਜਰੂਰੀ ਹੈ। ਅਖਬਾਰਾਂ ਵਿੱਚੋਂ ਮੈਂ ਪਹਿਲਾਂ ਹੀ ਪੜ੍ਹਿਆ ਹੋਇਆ ਹੈ। ਇਕ ਗੱਲ ਦੇ ਅਸੀਂ ਪੱਕੇ ਮਦਈ ਹਾਂ ਕਿ ਅਤਿਵਾਦ ਨੂੰ ਅਸੀਂ ਸਿਰ ਨਹੀਂ ਚੁੱਕਣ ਦੇਣਾ ਚਾਹੁੰਦੇ। ਇਸ ਗੱਲ ਦੀ ਭਿਣਕ ਸੀਤਾ ਰਾਮ ਐਸ. ਐਚ. ਓ. ਨੂੰ ਵੀ ਪੈ



www.punjabilibrary.com 

ਗਈ। ਉਸ ਨੇ ਵੀ ਆਪਣੇ ਹਰ ਤਰ੍ਹਾਂ ਦੀ ਸੂਹ ਲਈ ਬੰਦੇ ਛਡੇ ਹੋਏ ਸਨ। ਉਪਰੋਂ ਅਫਸਰਾਂ ਦੀਆਂ ਨਜ਼ਰਾਂ ਵਿਚ ਸੀਤਾ ਰਾਮ ਬੜਾ ਆਹਲਾ ਅਫਸਰ ਹੈ ਜੋ ਸਮੇਂ ਸਿਰ ਸਮਾਜ ਵਿਰੋਧੀ ਅਨਸਰਾਂ ਤੇ ਨਜ਼ਰ ਰਖਦਾ ਹੈ। ਆਪਣੀ ਕੀਤੀ ਕਾਰਵਾਈ ਨੂੰ ਸੀਤਾ ਰਾਮ ਬੜਾ ਫਖਰ ਸਮਝਦਾ ਹੈ। ਜੰਗ ਸ਼ੇਰ ਦੇ ਲਗੀਆਂ ਸੱਟਾਂ ਉਸ ਨੂੰ ਬਹੁਤ ਪ੍ਰੇਸ਼ਾਨੀ ਵਿਚ ਪਾ ਰਹੀਆਂ ਹਨ। ਭਾਵੇਂ ਡਾਕਟਰੀ ਇਲਾਜ ਬੜੇ ਸਹੀ ਤਰੀਕੇ ਨਾਲ ਚਲ ਰਿਹਾ ਹੈ ਪਰ ਸਿਰ ਵਿਚ ਲੱਗੀ ਸੱਟ ਜੰਗ ਬਹਾਦਰ ਨੂੰ ਦਿਮਾਗੀ ਅਸੰਤੁਲਨ ਵਿਚ ਪਾ ਰਹੀ ਹੈ। ਕਈ ਵਾਰੀ ਉਹ ਬੇਸੁਰਤ ਗੱਲਾਂ ਕਰੀ ਜਾਂਦਾ ਹੈ। ਉਸਦੀ ਲਾਚਾਰੀ ਥਾਣੇਦਾਰ ਨੂੰ ਸਤਾਉਂਦੀ ਹੈ। ਥਾਣੇਦਾਰ ਦੀ ਹੈਂਕੜ, ਰੋਹਬਦਾਰੀ ਉਸ ਨੂੰ ਹੋਰ ਮਾੜੇ ਕੰਮ ਵਲ ਧੱਕੇ ਮਾਰ ਰਹੀ ਹੈ। ਇਕ ਮਾੜੇ ਕੰਮ ਤੋਂ ਮਿਲੀ ਸ਼ਾਬਾਸ਼ ਬੁਰਾਈਆਂ ਦਾ ਰਾਹ ਖੋਲ ਦਿੰਦੀ ਹੈ। ਉਸ ਨੇ ਹਵਾਲਾਤੀ ਨੌਜਵਾਨਾਂ ਨੂੰ ਪੁਲੀਸ ਮੁਕਾਬਲਾ ਬਣਾ ਕੇ ਸਦਾ ਲਈ ਖਤਮ ਕਰਨ ਦੀ ਸਕੀਮ ਬਣਾ ਲਈ। ਨਾਲ ਹੀ ਮਿਲਣ ਵਾਲੇ ਇਨਾਮ ਦੀ ਰਾਸ਼ੀ ਉਚ ਅਧਿਕਾਰੀ ਨੂੰ ਦੇਣ ਦੀ ਠਾਣ ਲਈ। ਆਪਣੇ ਮਤਿਹਤ ਹਵਾਲਦਾਰ ਸਜਣ ਸਿੰਘ ਨਾਲ ਗੁਪਤ ਤੌਰ ਤੇ ਗੱਲ ਸਾਂਝੀ ਕਰ ਲਈ। ਸਜਣ ਸਿੰਘ ਤਾਂ ਪਹਿਲਾਂ ਹੀ ਅਜੇਹੀਆਂ ਕਾਰਵਾਈਆਂ ਭਾਲਦਾ ਸੀ। ਉਹ ਆਪਣੀ ਤਰੱਕੀ ਤੇ ਸਰਕਾਰ ਤੋਂ ਪ੍ਰਸ਼ੰਸਾ ਪੱਤਰ ਲੈਣ ਦਾ ਦਾਹਵੇਦਾਰ ਖੁਹਾਇਸ਼ਮੰਦ ਸੀ।

**੨੪.** ਕਿਸਾਨ ਆਪਣੇ ਖੇਤ ਨੂੰ ਥੋਹਰ ਦੀ ਵਾੜ ਕਰਨ ਲਈ ਪੌਦੇ ਲਾ ਦਿੰਦਾ ਹੈ। ਉਹ ਥੋਹਰ ਖੇਤ ਦੀ ਰਖਵਾਲੀ ਕਰਦੀ ਹੈ। ਜਿਹੜਾ ਹੱਥ ਲਾਵੇ ਉਸ ਦੇ ਕੰਡਾ ਲਗਦਾ ਹੈ। ਜਦੋਂ ਥੋਹਰ ਨੂੰ ਫੁੱਲ ਲਗਦੇ ਹਨ ਤਾਂ ਸ਼ਹਿਦ ਦੀਆਂ ਮੱਖੀਆਂ ਵੀ ਆਉਂਦੀਆਂ ਹਨ ਅਤੇ ਉਸੇ ਕੰਡਿਆਲੀ ਥੋਹਰ ਤੋਂ ਸ਼ਹਿਦ ਪੈਦਾ ਕਰਦੀਆਂ ਹਨ। ਕਿਸਾਨ ਉਸ ਦੀ ਆਪ ਵਰਤੋਂ ਨਹੀਂ ਕਰ ਸਕਦਾ। ਥੋਹਰ, ਸ਼ਹਿਦ ਦੀ ਮੱਖੀ, ਛੱਤਾ ਸਭ ਰਲਕੇ ਸ਼ਹਿਦ ਤਿਆਰ ਕਰਦੇ ਹਨ। ਆਦਮਪੁਰ ਥਾਣੇ ਵਿਚ ਸਿਪਾਹੀ ਭਰਤੀ ਹੋਇਆ ਜੀਪ ਡਰਾਈਵਰ ਸੁੱਚਾ ਰਾਮ ਹੈ। ਸਵੇਰੇ ਸ਼ਾਮ ਧਾਰਮਿਕ ਬਿਰਤੀ ਵਾਲਾ ਪੁਰਸ਼ ਅਕਾਲ ਪੁਰਖ ਨੂੰ ਯਾਦ ਕਰਦਾ

ਹੈ। ਹਵਾਲਾਤੀਆਂ ਦਾ ਹਾਲ ਚਾਲ ਵੀ ਪੁਛਦਾ ਹੈ। ਗੱਲਬਾਤ ਵੀ ਕਰ ਲੈਂਦਾ ਹੈ। ਚੋਰੀ ਛੁਪੇ ਮੁੰਡਿਆਂ ਨੂੰ ਚਾਹ ਪਾਣੀ ਵੀ ਪੁੱਛ ਲੈਂਦਾ ਹੈ। ਉਨ੍ਹਾਂ ਨੂੰ ਪੜਨ ਲਈ ਅਖਬਾਰ ਆਦਿ ਵੀ ਮੁਹੱਈਆ ਕਰਵਾ ਦਿੰਦਾ ਹੈ। ਸ਼ਾਮ ਨੂੰ ਰਹਿਰਾਸ ਦਾ ਪਾਠ ਵੀ ਕਰਦਾ ਹੈ। ਕੇਵਲ ਸਿੰਘ ਨੂੰ ਹਵਾਲਾਤ ਦੀ ਕੋਠੜੀ ਵਿਚ ਹੌਸਲਾ ਰੱਖਣ ਦੀ ਨਸੀਹਤ ਦੇਈ ਜਾਂਦਾ ਹੈ। ਉਸ ਦਾ ਕੰਮ ਹੈ ਹਵਾਲਾਤੀਆਂ ਨੂੰ ਕਚਹਿਰੀ ਲੈ ਕੇ ਜਾਣਾ, ਵਾਪਿਸ ਲਿਆਉਣਾ, ਦੂਜੀਆਂ ਹਵਾਲਾਤਾਂ ਵਿਚ ਤਬਦੀਲ ਕਰਨਾ। ਉਸ ਦੀ ਬੋਲ ਚਾਲ ਹਮਦਰਦੀ ਦੇ ਲਹਿਜੇ ਨਾਲ ਭਰੀ ਪਈ ਹੈ। ਉਹ ਹਵਾਲਾਤੀਆਂ ਨੂੰ ਗੁੱਸੇ ਦੀ ਬਜਾਏ ਨਰਮ ਤੇ ਠੰਢੇ ਸੁਭਾਅ ਰੱਖਣ ਲਈ ਕਹਿੰਦਾ ਹੈ। ਸੰਜਮ ਦੀ ਪ੍ਰੇਰਣਾ ਦਿੰਦਾ ਹੈ। ਸੀਤਾ ਰਾਮ ਨੂੰ ਜੀਪ ਦੇ ਡਰਾਈਵਰ ਸੁੱਚਾ ਰਾਮ ਡਰਾਈਵਰ ਨਾਲ ਮਜਬੂਰੀ ਗਲ ਸਾਂਝੀ ਕਰਨੀ ਪੈਂਦੀ ਹੈ। ਥਾਣੇਦਾਰ ਨੇ ਸ਼ਾਮ ਨੂੰ ਸੁੱਚਾ ਰਾਮ ਬੁਲਾਇਆ। ਚਾਹ ਪਿਲਾਈ। ਬੜੇ ਮਿਠੇ ਲਹਿਜੇ ਵਿਚ ਗੱਲਬਾਤ ਕੀਤੀ। ਸ਼ਾਮ ਦੀ ਰੋਟੀ ਦੀ ਵੀ ਸੁਲਾਹ ਮਾਰੀ। ਸੁੱਚਾ ਰਾਮ ਬੜਾ ਉਤਸਕ ਸੀ ਕਿ ਅੱਜ ਸਾਹਿਬ ਕਿਵੇਂ ਬਦਲ ਗਿਆ। ਸੁਚਾ ਰਾਮ ਨੂੰ ਉਕਸਾਇਆ ਕਿ ਤੂੰ ਭਈ ਬੜਾ ਭਗਤ ਬੰਦਾ ਹੈਂ। ਦੱਸ ਖਾਂ ਸਾਰੇ ਪੰਜਾਬ ਨੂੰ ਅਤਿਵਾਦੀਆਂ ਨੇ ਬੜਾ ਸਤਾਇਆ ਹੋਇਆ ਹੈ, ਉਹਨਾਂ ਦਾ ਕੀ ਇਲਾਜ ਕਰੀਏ। ਸੁੱਚਾ ਰਾਮ ਝਟ ਬੋਲ ਪਿਆ। ਕਹਿਣ ਲੱਗਾ ਸਾਡੇ ਸਾਹਿਬ ਤੁਸੀਂ ਕਿਹੜੇ ਝੰਜਟਾਂ ਵਿਚ ਪਏ ਹੋਏ ਹੋ। ਕੋਈ ਅੜਾ ਅਤਿਵਾਦੀ ਨਹੀਂ ਹੈ। ਇਹ ਪਿੰਡਾਂ ਦੇ ਜ਼ਮੀਨੀ ਝਗੜੇ, ਸ਼ਰਾਬੀਆਂ ਦੇ ਮਿਹਣੇ, ਬੁੜ੍ਹੀਆਂ ਦੇ ਪੁਆੜੇ, ਮੁੰਡਿਆਂ ਦੇ ਲਲਕਾਰੇ, ਵੱਡਿਆਂ ਦਾ ਛੋਟਿਆਂ ਨੂੰ ਦਬਾਉਣਾ, ਲੰਬੜਦਾਰੀਆਂ, ਸਰਪੰਚੀਆਂ, ਜ਼ੈਲਦਾਰੀਆਂ, ਚੌਧਰੀਆਂ ਦਾ ਮੂਲ ਕਾਰਨ ਹੈ। ਅਤਿਵਾਦੀਆਂ ਦੀ ਬਜਾਏ ਇਕ ਅੱਧੇ ਵੱਡੇ ਨੂੰ ਠੋਕ ਦਿਓ। ਆਪੇ ਸਭ ਝਗੜੇ ਮੁੱਕ ਜਾਣਗੇ। ਸਾਹਿਬ ਜੀ ਮੈਂ ਤੁਹਾਡਾ ਖਿਦਮਤਗਾਰ ਹਾਂ। ਹੁਕਮ ਕਰਿਆ ਕਰੋ। ਸੀਤਾ ਰਾਮ ਅੰਦਰੋਂ ਦੁਖੀ, ਸੜਿਆ ਬਲਿਆ ਉਪਰੋਂ ਠਰਾਵਾ ਮੂੰਹ ਬਣਾ ਕੇ ਕਹਿਣ ਲਗਾ ਕਿ ਬਈ ਇਕ ਗੱਲ ਤਾਂ ਭੁਲ ਹੀ ਗਈ। ਆਪਾਂ ਸਵੇਰੇ ਇਨ੍ਹਾਂ ਮੁੰਡਿਆਂ ਨੂੰ ਨਾਲ ਲੈ ਕੇ ਤਫਤੀਸ਼ ਤੇ ਦਰਿਆਫਤ ਕਰਾਉਣੀ ਹੈ। ਮੌਕੇ ਦੀ ਜਾਂਚ ਤੇ ਪੜਤਾਲ ਕਰਨੀ ਹੈ ਫਿਰ ਰਿਪੋਰਟ ਉਚ ਅਧਿਕਾਰੀਆਂ

ਨੂੰ ਭੇਜਣੀ ਹੈ, ਤਿਆਰ ਰਹੀਂ। ਸੁੱਚਾ ਰਾਮ ਅੱਛਾ ਜੀ ਸਾਹਿਬ ਕਹਿਕੇ ਰਮਦਾ ਹੋਇਆ।

**੨੫.** ਔਹ ਸਾਹਮਣੇ ਹਰੀਪੁਰ ਪਿੰਡ। ਪਿੰਡ ਦਾ ਇੱਟਾਂ ਦਾ ਭੱਠਾ। ਹੇਠਲੀ ਬੇਟ ਦੀ ਜ਼ਮੀਨ ਤੇ ਤਿੰਨ ਕੁ ਘੁਮਾ ਸਫੈਦਿਆਂ ਦੀ ਝਿੜੀ, ਵੱਡਾ ਪਿੰਡ, ਪਿੰਡ ਦੇ ਪਰਲੇ ਪਾਸੇ ਚਾਂਦਮਾਰੀ ਹੈ ਜਿੱਥੇ ਹਰ ਵੇਲੇ ਮਿਲਟਰੀ ਵਾਲਿਆਂ ਦੀਆਂ ਤੋਪਾਂ ਦੇ ਗੋਲਿਆਂ ਦੀ ਅਵਾਜ਼ ਆਉਂਦੀ ਰਹਿੰਦੀ ਹੈ। ਚਾਂਦਮਾਰੀ ਪੱਕੀ ਸੜਕ ਰੇਲ ਦੇ ਫਾਟਕ ਨੂੰ ਪਾਰ ਕਰਦੀ ਹੈ। ਕੋਈ ਸੌ ਗਜ ਤੇ ਨਹਿਰ ਦਾ ਸੂਆ। ਸੂਏ ਉੱਤੇ ਪੁਲ। ਪੁੱਲ ਨੂੰ ਜੁੜਦੀਆਂ ਕਚੀਆਂ ਸੜਕਾਂ। ਨੀਵਾਣ ਵਾਲੀ ਜ਼ਮੀਨ ਵਿਚ ਖੜੇ ਅਕੜਿਆਂ ਦੇ ਬੂਟੇ। ਬੂਟਿਆਂ ਦੇ ਦਰਮਿਆਨ ਪੁਰਾਣਾ ਖੂਹ। ਖੂਹ ਉੱਤੇ ਢਿੱਠਾ ਪੁਰਾਣਾ ਕੋਠਾ। ਰੇਲ ਪਟੜੀ ਤੇ ਸੱਜੇ ਖੱਬੇ ਮਲ੍ਹਿਆਂ ਦੇ ਬੂਟੇ ਨੂੰ ਲੱਗੇ ਪੀਲੇ ਹਲਕੇ ਲਾਲ ਰੰਗ ਦੇ ਬੇਰ। ਦੋ ਦੋ ਪੁਲੀਸ ਦੇ ਸਿਪਾਹੀ ਥੋੜ੍ਹੇ ਥੋੜ੍ਹੇ ਵਕਫੇ ਤੇ ਖੜੇ ਹਨ। ਰੇਲ ਦੇ ਫਾਟਕ ਤੋਂ ਸੂਏ ਦੇ ਪੁਲ ਤਕ ਇਕਾ ਦੁਕਾ ਗੇੜਾ। ਪਹੁਫੁਟਾਲੇ ਸਵੇਰ ਦੀ ਠੰਡੀ ਠੰਡੀ ਹਵਾ ਅਤੇ ਹਲਕੇ ਚਾਨਣ ਤੇ ਸੂਰਜ ਦੇ ਕਿਰਨਾਂ ਦੀ ਪੂਰਬ ਵਲੋਂ ਲੋਅ। ਇਕ ਮੋਟਰ ਸਾਈਕਲ ਉੱਤੇ ਬਾਵਰਦੀ ਸਿਪਾਹੀ ਉਸ ਦੇ ਮਗਰ ਬੈਠਾ ਸਜਣ ਸਿੰਘ ਹੌਲਦਾਰ। ਉਸ ਦੇ ਪਿੱਛੇ ਪੁਲੀਸ ਦੀ ਜੀਪ ਜਿਸ ਨੂੰ ਸੁੱਚਾ ਰਾਮ ਸਿਪਾਹੀ ਚਲਾ ਰਿਹਾ ਹੈ। ਥਾਣੇਦਾਰ ਸੀਤਾ ਰਾਮ ਅਗਲੇ ਪਾਸਿਓਂ ਵਧਿਆ। ਰੁਕੋ ਰੁਕੋ ਦਾ ਇਸ਼ਾਰਾ। ਮੋਟਰ ਸਾਈਕਲ ਰੁਕਿਆ। ਪੁਲੀਸ ਅਲੱਰਟ। ਜੀਪ ਰੁਕੀ। ਇਨ੍ਹਾਂ ਨੂੰ ਬਾਹਰ ਕਢੋ। ਲੱਤਾਂ ਤੇ ਬੈਂਤ ਦੀ ਸੋਟੀ ਮਾਰੀ। ਭੁਪਿੰਦਰ ਸਿੰਘ ਨੇ ਕਿਹਾ ਕੋਮਲ ਜੇ ਬਚ ਸਕਦਾ ਹੈਂ ਤਾਂ ਭਜ। ਹਾਲੇ ਛੇ ਸਤ ਗਜ ਤਕ ਹੀ ਕਦਮ ਪੁਟੇ ਤਾਂ ਘੇਰਾ ਘਤੀ ਖੜੇ ਪੁਲਸੀਆਂ ਨੇ ਗੋਲੀਆਂ ਦਾ ਮੀਹ ਵਰਸਾ ਦਿੱਤਾ। ਸੁੱਚਾ ਰਾਮ ਡਰਾਈਵਰ ਜੀਪ ਇਕ ਪਾਸੇ ਕਰਕੇ ਬਾਹਰ ਨਿਕਲਣ ਲਗਾ। ਉਸ ਦੇ ਮੂੰਹੋ ਅਵਾਜ਼ ਨਿਕਲੀ ਓਏ ਨਾ ਕਰੋ ਅਨ੍ਹੇਰਗਰਦੀ। ਪਾਪੀਓ ਨਾ ਮਾਰੋ। ਸੱਜਣਾ ਹਟ ਜਾ ਬੰਦ ਕਰੋ ! ਤੁਹਾਡਾ ਸਤਿਆਨਾਸ ! ਜੀਪ ਦੇ ਪਿਛੇ ਖੜੇ ਸੀਤਾ ਰਾਮ ਨੇ ਆਪਣੀ ਪਿਸਤੋਲ ਨਾਲ ਸੁੱਚਾ ਰਾਮ ਦੀ ਖੋਪੜੀ ਵਿਚ ਵਾਰ ਕਰ ਦਿਤਾ।

ਮਾਊਜ਼ਰ ਦੀ ਅਵਾਜ ਅਤੇ ਗੋਲੀਆਂ ਨੇ ਸੁੱਚਾ ਰਾਮ ਸਿਪਾਹੀ ਡਰਾਈਵਰ ਦੀ ਅਵਾਜ ਬੰਦ ਕਰ ਦਿਤੀ। ਉਧਰ ਭੁਪਿੰਦਰ ਤੇ ਕੋਮਲ ਦੀਆਂ ਸਹਿਕਦੀਆਂ ਦੇ ਹਾਂ ਪਈਆਂ ਸਨ। ਖ਼ੂਨ ਵਹਿ ਰਿਹਾ ਸੀ। ਸੁੱਚਾ ਰਾਮ ਦੀ ਅੱਧੀ ਖੋਪੜੀ ਸਿਰ ਤੋਂ ਅਲੱਗ। ਆਹ ਹਰੀਪੁਰ ਬਹੁਤ ਵਡਾ ਪਿੰਡ ਹੈ ਜਿੱਥੇ ਅੱਜ ਅਤਿਵਾਦੀਆਂ ਦਾ ਸਫਾਇਆ ਕੀਤਾ ਜਾ ਰਿਹਾ ਹੈ। ਉਹੀ ਹਰੀਪੁਰ ਜਿਸ ਪਿੰਡ ਦਾ ਸਕੂਲ ਸੰਮਤ ੧੯੫੩ ਯਾਨੀ ਸੰਨ ੧੮੯੬ ਵਿਚ ਅੱਠਵੀਂ ਤਕ ਸੀ। ਉਸ ਸਕੂਲ ਵਿੱਚੋਂ ਇਕ ਨੌਜਵਾਨ ਅੱਠਵੀਂ ਪਾਸ ਕਰਕੇ ਲਾਹੌਰ ਕਾਲਿਜ ਪੜ੍ਹਣ ਗਿਆ। ਉਹ ਪੜ੍ਹਾਈ ਸਮੇਂ ਬੱਬਰਾਂ ਨਾਲ ਰਲ ਗਿਆ। ਲਾਹੌਰ ਤੋਂ ਤਾਰ ਰਾਹੀਂ ਸੁਨੇਹਾ ਡੀ.ਸੀ.ਜਲੰਧਰ ਨੂੰ ਪਰਾਪਤ ਹੋਇਆ ਕਿ ਪਿੰਡ ਹਰੀਪੁਰ, ਕੋਤਵਾਲੀ ਆਦਮਪੁਰ ਤਹਿ ਵ ਜਿਲਾ ਜਲੰਧਰ ਦੇ ਸਕੂਲ ਦੀ ਦਰਜਾਬੰਦੀ ਅਠਵੀਂ ਤੋਂ ਘਟਾ ਕੇ ਚੌਥੀ ਜਮਾਤ ਕਰ ਦਿਤੀ ਜਾਵੇ। ਅੱਜ ਉਸ ਸਕੂਲ ਦਾ ਨਾਮ ਬੱਬਰ ਕਰਮ ਸਿੰਘ ਸ਼ਹੀਦ ਸੀਨੀਅਰ ਸਕੈਡੰਰੀ ਸਕੂਲ ਹਰੀਪੁਰ ਹੈ। ਉਸੇ ਹਰੀਪੁਰ ਤੋਂ ਪੁਲੀਸ ਵਾਰਿਲੈਸ ਸੈਟ ਹੈਡਕੁਆਰਟਰ ਨੂੰ ਸੰਕੇਤ ਭੇਜ ਰਿਹਾ ਹੈ ਕਿ ਆਦਮਪੁਰ ਥਾਣੇ ਦੀ ਗਸ਼ਤੀ ਪੁਲੀਸ ਪਾਰਟੀ ਦੀ ਤਫਤੀਜ ਕਰਨ ਲੈ ਕੇ ਜਾਣ ਵਾਲੀ ਜੀਪ ਵਿਚੋਂ ਆਪਣੇ ਸਾਥੀਆਂ ਨੂੰ ਛੁਡਾਉਣ ਲਈ ਅਤਿਵਾਦੀਆਂ ਨੇ ਹਮਲਾ ਕੀਤਾ ਜਿਸ ਵਿਚ ਪੁਲੀਸ ਦਾ ਜੀਪ ਡਰਾਈਵਰ ਸ਼ਹੀਦ ਹੋ ਗਿਆ। ਭੱਜੇ ਜਾਂਦੇ ਅਤਿਵਾਦੀਆਂ ਦੀ ਪੁਲੀਸ ਗਸ਼ਤੀ ਪਾਰਟੀ ਨਾਲ ਹੋਈ ਮੁੱਠ ਭੇੜ ਵਿਚ ਦੋ ਅਤਿਵਾਦੀ ਮਾਰੇ ਗਏ। ਪੁਲੀਸ ਉਨ੍ਹਾਂ ਅਤਿਵਾਦੀਆਂ ਦੀ ਬੜੀ ਤੇਜੀ ਨਾਲ ਭਾਲ ਕਰ ਰਹੀ ਹੈ ਜਿਨ੍ਹਾਂ ਨੇ ਪੁਲੀਸ ਦੀ ਗੱਡੀ ਤੇ ਹਮਲਾ ਕੀਤਾ। ਪੁਲੀਸ ਦਾ ਇਕ ਡਰਾਈਵਰ ਸ਼ਹੀਦ ਹੋਇਆ ਅਤੇ ਬਾਕੀ ਅਤਿਵਾਦੀ ਹਨ੍ਹੇਰੇ ਦੀ ਆੜ ਵਿਚ ਬਚ ਨਿਕਲੇ। ਲਾਗਲੇ ਪਿੰਡਾਂ ਵਿਚ ਮੁਨਾਦੀ ਕਰਾਈ ਜਾ ਰਹੀ ਹੈ। ਪਛਾਣੋ! ਪਛਾਣੋ! ਅਤਿਵਾਦੀਆਂ ਦੀ ਪੁਲੀਸ ਮੁਕਾਬਲੇ ਵਿਚ ਹੋਈ ਮੌਤ ਵਿਚ ਲਾਸ਼ਾਂ ਪਛਾਣੋ। ਪੁਲੀਸ ਹੈਡ ਕੁਆਟਰ ਦੇ ਉਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਅਤੇ ਅਖਬਾਰਾਂ ਵਾਲਿਆਂ ਨੂੰ ਵੀ ਮੌਕੇ ਦੀ ਰਿਪੋਰਟ ਲਈ ਲਿਆਂਦਾ ਗਿਆ ਹੈ। ਲਾਗਲੇ ਪਿੰਡਾਂ ਦੇ ਕੁਝ ਸਰਪੰਚ ਅਤੇ ਲੰਬੜਦਾਰ ਆਏ। ਕਈ ਜ਼ਰੂਰੀ ਕੰਮ ਦਾ ਬਹਾਨਾ ਬਣਾ ਕੇ ਇਧਰ ਉਧਰ ਖਿਸਕ ਗਏ।

ਖੇਤਾਂ ਨੂੰ ਪਾਣੀ ਲਾ ਰਿਹਾ ਇਕ ਕਿਸਾਨ ਵੀ ਆਇਆ। ਕਈ ਤਮਾਸ਼ਗੀਰ ਵੀ ਪੁਲੀਸ ਦੀ ਦਲੇਰੀ ਦੇਖਣ ਆਏ। ਉਂਜ ਪੁਲੀਸ ਦੀ ਅਜਿਹੀ ਘਟਨਾ ਨੂੰ ਬਹੁਤੇ ਪੰਚ ਸਰਪੰਚ ਟਾਲ ਮਟੋਲ ਹੀ ਕਰਦੇ ਨੇ। ਸਰਪੰਚ ਭੋਲਾ ਸਿੰਘ ਅਤੇ ਪੰਚਾਇਤ ਦੇ ਪੰਚ ਵੀ ਆ ਹਾਜ਼ਰ ਹੋਏ। ਪੰਚਾਂ ਨੇ ਲਾਸ਼ਾਂ ਪਛਾਣ ਲਈਆਂ। ਪੁਲੀਸ ਦੇ ਰੋਹਬ ਤੇ ਚੁੱਪ ਵੱਟੀ ਬੈਠੇ ਭੋਲਾ ਸਿੰਘ ਸਰਪੰਚ ਦਿਲੋਂ ਖੁਸ਼ ਸੀ ਉਪਰੋਂ ਉਪਰੋਂ ਮਾੜੀ ਗੱਲ ਹੋਈ ਕਹੀ ਜਾਂਦਾ ਸੀ। ਗੱਲ ਅੱਗ ਵਾਂਗ ਫੈਲ ਗਈ। ਰਾਮ ਸਿੰਘ ਨੂੰ ਪਤਾ ਲੱਗਾ ਉਹ ਵੀ ਦੱਬੇ ਪੈਰੀਂ ਆ ਗਿਆ। ਪਹਿਲਾਂ ਤਾਂ ਉਹ ਆਪਣੇ ਪੁੱਤਰ ਦੀ ਲਾਸ਼ ਪਛਾਣ ਹੀ ਨਾ ਸਕਿਆ। ਫਿਰ ਉਸ ਨੇ ਬੜੀ ਨੀਝ ਨਾਲ ਤੱਕਿਆ। ਉਸ ਨੇ ਹਾਅ ਦਾ ਨਾਹਰਾ ਮਾਰਿਆ। ਕਈਆਂ ਨੇ ਆ ਕੇ ਪਿੰਡ ਦੱਸ ਦਿੱਤਾ। ਸਕੇ ਸਬੰਧੀ ਇਕਠੇ ਹੋ ਗਏ। ਉਧਰ ਭੁਪਿੰਦਰ ਸਿੰਘ ਦੇ ਪਿੰਡ ਖੁਰਦਪੁਰ ਦੇ ਲੋਕੀਂ ਟਰਾਲੀਆਂ ਲੈ ਕੇ ਪਹੁੰਚਣ ਲੱਗ ਪਏ। ਇਧਰ ਪੁਲੀਸ ਦੀਆਂ ਗੱਡੀਆਂ ਹੂਕਾਂ ਮਾਰਦੀਆਂ ਸਮੇਤ ਐਸ. ਐਸ. ਪੀ. ਪਹੁੰਚ ਗਈਆਂ। ਪੁਰਾਣਾ ਐਮ. ਐਲ. ਏ. ਕੁਲਵੰਤ ਸਿੰਘ ਆਪਣੀ ਕਾਰ ਵਿਚ ਆ ਗਿਆ। ਜਦੋਂ ਉਸ ਨੇ ਭੁਪਿੰਦਰ ਨੂੰ ਪਛਾਣਿਆ ਤਾਂ ਉਸ ਨੇ ਐਸ. ਐਸ. ਪੀ. ਵੱਲ ਇਸ਼ਾਰਾ ਕਰਕੇ ਸੰਬੋਧਨ ਕੀਤਾ ਕਿ ਇਹ ਮੁੰਡੇ ਤਾਂ ਹਵਾਲਾਤੇ ਸਨ। ਇਹ ਕਿਵੇਂ ਮੁਕਾਬਲਾ ਹੋ ਗਿਆ। ਤੁਸੀਂ ਨਹੀਂ ਜਾਣਦੇ ਕਿ ਖੁਰਦਪੁਰ ਪਿੰਡ ਦੇ ਦੋ ਬਜ਼ੁਰਗ ਬੱਬਰ ਬਾਬਾ ਗੰਗਾ ਸਿੰਘ ਅਤੇ ਬਲਵੰਤ ਸਿੰਘ ਲਾਹੌਰ ਜ਼ੇਲ ਵਿਚ ਸੰਨ ੧੯੧੬ ਅਤੇ ੧੯੧੭ ਨੂੰ ਫਾਂਸੀ ਚੜ੍ਹੇ ਸਨ। ਅੱਜ ਤੱਕ ਸਾਰਾ ਪੰਜਾਬ ਉਨ੍ਹਾਂ ਨੂੰ ਸ਼ਹੀਦ ਮੰਨਦਾ ਹੈ। ਤੁਹਾਡਾ ਕੀ ਕਿਰਦਾਰ ਹੈ। ਜੋ ਲੰਡੀ ਬੁੱਚੀ ਅਫਸਰ ਬਣ ਗਿਆ ਅਤੇ ਨੌਜਵਾਨਾਂ ਦਾ ਘਾਣ ਕਰਨ ਲੱਗ ਪਿਆ। ਫੁਰਤੀ ਨਾਲ ਪੁਲੀਸ ਨੇ ਲਾਸ਼ਾਂ ਚੁੱਕੀਆਂ ਅਤੇ ਜਲੰਧਰ ਪੋਸਟ ਮਾਰਟਮ ਲਈ ਲੈ ਗਈ। ਪੁਲੀਸ ਨੇ ਕਾਗਜ਼ੀ ਕਾਰਵਾਈ ਪਹਿਲਾਂ ਹੀ ਕੀਤੀ ਹੋਈ ਸੀ। ਸਾਬਕਾ ਐਮ.ਐਲ.ਏ. ਨੇ ਕਈ ਸਿਰ ਕੱਢ ਵਿਅਕਤੀਆਂ ਨਾਲ ਜਲੰਧਰ ਨੱਠ ਭੱਜ ਕਰਕੇ ਮੁੰਡਿਆਂ ਦੀਆਂ ਲਾਸ਼ਾਂ ਪ੍ਰਾਪਤ ਕੀਤੀਆਂ। ਪੁਲੀਸ ਦੀ ਪੂਰੀ ਤਾਕਤ ਤਾਇਨਾਤ ਸੀ। ਦੱਬੀ ਘੁਟੀ ਅਵਾਜ਼ ਵਿਚ ਲੋਕਾਂ ਨੇ ਰੋਂਦਿਆਂ ਕੁਰਲਾਉਂਦਿਆਂ ਕੋਮਲ ਸਿੰਘ ਅਤੇ ਭੁਪਿੰਦਰ ਸਿੰਘ ਦਾ ਆਪਣੇ ਆਪਣੇ ਪਿੰਡ

ਸਸਕਾਰ ਕਰ ਦਿਤਾ। ਕੋਮਲ ਸਿੰਘ ਦਾ ਪਿੰਡ ਦੇ ਲੋਕਾਂ ਤੇ ਚੰਗਾ ਪ੍ਰਭਾਵ ਸੀ। ਭੁਪਿੰਦਰ ਸਿੰਘ ਵੀ ਕਾਲਜ ਵਿੱਚ ਸੋਹਣਾ ਵਕਤਾ ਸੀ। ਜਿਸ ਕਾਰਨ ਬੜਾ ਹੀ ਹਰਮਨ ਪਿਆਰਾ ਸੀ। ਦੋਹਾਂ ਪਰਵਾਰਾਂ ਨੇ ਰੀਤੀ ਅਨੁਸਾਰ ਸੋਗ ਮਨਾਇਆ। ਬਹੁਤ ਸਾਰੇ ਰਿਸ਼ਤੇਦਾਰ ਫੂੜੀ ਸਥ ਤੇ ਆਏ। ਸੰਤ ਚੰਨਣ ਸਿੰਘ ਨੇ ਬੜੀ ਮਾਯੂਸੀ ਜ਼ਾਹਿਰ ਕੀਤੀ। ਉਨ੍ਹਾਂ ਨੇ ਅਫਸੋਸ ਕਰਨ ਆਏ ਲੋਕਾਂ ਨੂੰ ਸੰਕੇਤ ਦਿਤਾ ਕਿ ਦੋਹਾਂ ਨੌਜਵਾਨਾਂ ਦੀ ਇਕ ਇਕੱਠੀ ਅਰਦਾਸ ਵੀ ਹੋਵੇਗੀ। ਸਮੂਹ ਸੰਗਤਾਂ ਉਥੇ ਵੀ ਪਹੁੰਚਣ। ਦੋਹਾਂ ਪਿੰਡਾਂ ਵਿਚ ਵੱਖੋ ਵੱਖਰੀ ਅਰਦਾਸ ਉਪਰੰਤ ਅਗਲੇ ਦਿਨ ਸੰਤਾਂ ਦੇ ਡੇਰੇ ਇਕ ਸਾਂਝੀ ਅੰਤਮ ਅਰਦਾਸ ਹੋਣੀ ਨਿਸ਼ਚਿਤ ਹੋਈ। ਜਿਥੇ ਉਨ੍ਹਾਂ ਦੇ ਕਾਲਜਾਂ ਦੇ ਹਮ-ਜੋਲੀ ਹਮ-ਜਮਾਤੀ, ਅਧਿਆਪਕ ਸੱਜਣ ਮਿੱਤਰ ਰਿਸ਼ਤੇਦਾਰ ਇਕਠੇ ਹੋਏ। ਸੁੱਚਾ ਰਾਮ ਸਿਪਾਹੀ ਦੀ ਲਾਸ਼ ਪੁਲੀਸ ਨੇ ਆਪ ਸੰਭਾਲੀ। ਉਸ ਨੂੰ ਸ਼ਹੀਦ ਕਰਾਰ ਦਿਤਾ ਗਿਆ। ਉਸਦੇ ਰਿਸ਼ਤੇਦਾਰ ਰੋਂਦੇ ਕੁਰਲਾਉਂਦੇ ਰਹੇ। ਸਰਕਾਰ ਵਲੋਂ ਉਸ ਦੇ ਪਰਿਵਾਰ ਨੂੰ ਸਰਕਾਰੀ ਸਹਾਇਤਾ ਦਾ ਐਲਾਨ ਕਰ ਦਿਤਾ ਗਿਆ। ਉਸ ਦੇ ਚੌਥੇ ਦੀ ਤਿਆਰੀ ਵੀ ਪੁਲੀਸ ਨੇ ਹੀ ਕਰਵਾਈ।

**੨੬.** ਸਰਕਾਰ ਵਲੋਂ ਐਲਾਨੇ ਅਤਿਵਾਦੀ ਅਤੇ ਸਰਕਾਰੀ ਪੁਲੀਸ ਮੁਲਾਜ਼ਮ ਦੀ ਹੋਈ ਮੌਤ ਦੀ ਅੱਖੀਂ ਡਿਠੀ ਰਿਪੋਰਟ ਅਖਬਾਰ ਨਵੀਸਾਂ ਨੇ ਆਪਣੇ ਆਪਣੇ ਨਜ਼ਰੀਏ ਅਨੁਸਾਰ ਇਉਂ ਛਾਪੀ :-

ਕੌਮੀ ਅਖਬਾਰ ਦੇ ਅਖਬਾਰ ਨਵੀਸ ਨੇ ਲਿਖਿਆ। ਆਦਮਪੁਰ ਦੋਆਬਾ ਪੱਤਰ ਪ੍ਰੇਰਕ ਹੰਨੀ ਦਿਓਲ : ਕੱਲ ਸਵੇਰੇ ਪਹੁ ਫੁਟਾਲੇ ਇਲਾਕਾ ਆਦਮਪੁਰ ਰੇਲਵੇ ਲਾਈਨ ਪਾਰ ਕਰਕੇ ਨਹਿਰ ਦੇ ਸੂਏ ਪੁਲ ਉਤੇ ਪੁਲੀਸ ਵਲੋਂ ਪਕੜੇ ਅਤਿਵਾਦੀਆਂ ਨੂੰ ਮੌਕੇ ਤੇ ਤਫਤੀਸ ਲਈ ਲਿਜਾਇਆ ਜਾ ਰਿਹਾ ਸੀ। ਅਤਿਵਾਦੀਆਂ ਨੇ ਪਕੜੇ ਸਾਥੀ ਅਤਿਵਾਦੀ ਛਡਾਉਣ ਲਈ ਪੁਲੀਸ ਦੀ ਜੀਪ ਤੇ ਗੋਲੀਆਂ ਚਲਾਈਆਂ। ਜੀਪ ਦਾ ਡਰਾਈਵਰ ਮਾਰਿਆ ਗਿਆ। ਬੰਦੀ ਅਤਿਵਾਦੀਆਂ ਨੂੰ ਛਡਾਉਣ ਲਈ ਮੁਕਾਬਲਾ ਹੋਇਆ। ਪੁਲੀਸ ਦੀ ਗਸ਼ਤੀ ਪਾਰਟੀ ਨੇ ਹੌਂਸਲਾ ਕਰਕੇ ਪਿੱਛਾ ਕੀਤਾ ਅਤੇ ਇਸ ਮੁਕਾਬਲੇ ਵਿੱਚ ਦੋ

ਅਤਿਵਾਦੀ ਮਾਰੇ ਗਏ। ਜਦ ਇਹ ਪੱਤਰ ਪ੍ਰੇਰਕ ਮੌਕੇ ਤੇ ਗਿਆ ਤਾਂ ਤਿੰਨੇ ਲਾਸ਼ਾਂ ਪਈਆਂ ਹੋਈਆਂ ਵੇਖੀਆਂ। ਇਲਾਕੇ ਦੇ ਕਈ ਪਤਵੰਤੇ ਸਜਣ ਵੀ ਹਾਜ਼ਰ ਸਨ। ਲੋਕਾਂ ਦੇ ਮਨਾਂ ਨੂੰ ਪੱਤਰ ਪ੍ਰੇਰਕ ਨੇ ਟੋਇਆ। ਕਈ ਦਬਵੀਂ ਅਵਾਜ਼ ਵਿਚ ਇਹ ਗਲ ਮੰਨਣ ਤੇ ਇਨਕਾਰੀ ਸਨ। ਆਪਣਾ ਨਾਮ ਛਪਾਉਂਦੇ ਹੋਏ ਇਕ ਵਿਅਕਤੀ ਨੇ ਸ਼ੱਕ ਦੀ ਨਿਗਾਹ ਨਾਲ ਇਨਕਾਰ ਕੀਤਾ। ਜਦ ਪਿੰਡ ਦੇ ਸਰਪੰਚ ਨਾਲ ਸੰਪਰਕ ਹੋਇਆ ਤਾਂ ਉਸ ਨੇ ਮੁਕਾਬਲੇ ਦੀ ਹਾਮੀ ਭਰੀ। ਅਤਿਵਾਦੀਆਂ ਦੇ ਰਿਸ਼ਤੇਦਾਰ ਨੇ ਇਸਨੂੰ ਇਕ ਸਾਜਿਸ਼ ਕਹਿਣ ਤੋਂ ਇਨਕਾਰ ਨਹੀਂ ਕੀਤਾ। ਪੋਸਟਮਾਰਟਮ ਕਰਨ ਉਪਰੰਤ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਸੌਂਪ ਦਿਤੀਆਂ ਗਈਆਂ। ਜਿਨ੍ਹਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ।

**੨੭.** ਦੁਆਬਾ ਕੇਸਰੀ ਅਖਬਾਰ ਨੇ ਬੜੇ ਲਹਿਜੇ ਨਾਲ ਖਬਰ ਛਾਪੀ ਆਦਮਪੁਰ ਦੋਆਬਾ ਪੱਤਰ ਪ੍ਰੇਰਕ ਹਸਨ ਗੁਪਤਾ : ਅਤਿਵਾਦੀਆਂ ਦਾ ਪੁਲੀਸ ਜੀਪ ਤੇ ਹਮਲਾ : ਇਕ ਪੁਲੀਸ ਕਰਮਚਾਰੀ ਸ਼ਹੀਦ। ਮੁਕਾਬਲੇ ਵਿਚ ਦੋ ਅਤਿਵਾਦੀ ਵੀ ਮਾਰੇ ਗਏ। ਪੁਲੀਸ ਪਾਰਟੀ ਦੀ ਦਲੇਰੀ ਸਦਕਾ ਦੋ ਅਤਿਵਾਦੀ ਮਾਰੇ ਗਏ ਅਤੇ ਬਾਕੀ ਮੋਇਆਂ ਨੂੰ ਛੱਡ ਕੇ ਭੱਜ ਗਏ ਅਤੇ ਹਨੇਰੇ ਦੀ ਆੜ ਵਿੱਚ ਨਿਕਲ ਗਏ। ਸ਼ਹੀਦ ਹੋਏ ਪੁਲੀਸ ਕਰਮਚਾਰੀ ਨੂੰ ਭਾਰੀ ਇਨਾਮ। ਭੱਜੇ ਹੋਏ ਅਤਿਵਾਦੀਆਂ ਨੂੰ ਫੜਣ ਲਈ ਕਈ ਥਾਵਾਂ ਤੇ ਨਾਕੇ ਲਾਏ, ਛਾਪੇ ਮਾਰੇ। ਐਸ. ਐਸ. ਪੀ. ਅਤੇ ਉਚ ਪੁਲੀਸ ਅਧਿਕਾਰੀ ਮੌਕੇ ਤੇ ਪਹੁੰਚ ਚੁੱਕੇ ਹਨ। ਕਈ ਪੁਲੀਸ ਅਫਸਰ ਪੁਲੀਸ ਕਰਮਚਾਰੀਆਂ ਨੂੰ ਸ਼ਾਬਾਸ਼ ਕਹਿਣ ਅਤੇ ਇਕ ਚੰਗੀ ਕੀਤੀ ਕਾਰਵਾਈ ਤੇ ਪ੍ਰਸੰਨ ਹਨ।

**੨੮.** ਸਮਾਚਾਰ ਭਾਰਤੀ ਅਖਬਾਰ ਲਿਖਦੀ ਹੈ ਕਿ ਕਲ ਅਤਿਵਾਦੀਆਂ ਨੇ ਆਪਣੇ ਸਾਥੀਆਂ ਨੂੰ ਛਡਾਉਣ ਲਈ ਪੁਲੀਸ ਜੀਪ ਉੱਤੇ ਹਮਲਾ ਕੀਤਾ। ਗਸ਼ਤੀ ਪੁਲੀਸ ਪਾਰਟੀ ਅਚਾਨਕ ਉਥੇ ਅੱਪੜ ਗਈ। ਮੁੱਠ ਭੇੜ ਵਿਚ ਦੋ ਅਤਿਵਾਦੀ ਅਤੇ ਇਕ ਪੁਲੀਸ ਦਾ ਸਿਪਾਹੀ ਮਾਰਿਆ ਗਿਆ। ਜਦੋਂ ਇਹ ਪੱਤਰ ਪ੍ਰੇਰਕ ਮੌਕੇ ਤੇ ਪੁਜਿਆ ਤਾਂ ਕਈ ਵਿਅਕਤੀਆਂ ਨੇ ਆਪਣਾ ਨਾਮ ਦੱਸਣ ਦੀ ਬਜਾਏ ਪੁਲੀਸ ਉੱਤੇ ਸ਼ੱਕ ਦੀ ਉਂਗਲੀ ਉਠਾਈ। ਇਲਾਕੇ

ਦੇ ਪ੍ਰਮੁੱਖ ਵਿਅਕਤੀਆਂ ਵਲੋਂ ਇਸ ਖਬਰ ਬਾਰੇ ਕੋਈ ਟਿਪਣੀ ਕਰਨ ਤੋਂ ਚੁੱਪ ਵੱਟੀ ਹੋਈ ਸੀ। ਮੌਕੇ ਤੇ ਖੜੇ ਇਕ ਕਿਸਾਨ ਨੇ ਆਪਣਾ ਨਾਮ ਗੁਪਤ ਰੱਖਦਿਆਂ ਹੋਇਆਂ ਇਸ ਪੱਤਰ ਪ੍ਰੇਰਕ ਨੂੰ ਦੱਸਿਆ ਕਿ ਉਸ ਨੇ ਕੋਈ ਭੱਜਿਆ ਜਾਂਦਾ ਨਹੀਂ ਦੇਖਿਆ ਸਗੋਂ ਪੁਲੀਸ ਦੀ ਜੀਪ ਅਤੇ ਮੋਟਰ ਸਾਈਕਲ ਆਉਂਦੇ ਦੇਖੇ, ਜਿਹਨਾਂ ਦੇ ਰੁਕਣ ਤੋਂ ਬਾਅਦ ਠਾਹ ਠਾਹ ਦੀ ਅਵਾਜ ਆਈ ਸੀ। ਕਿਸਾਨ ਛੁਪ ਕੇ ਦੇਖਦਾ ਰਿਹਾ। ਪੁਲੀਸ ਨੇ ਲੋੜੀਂਦੀ ਕਾਰਵਾਈ ਕਰਕੇ ਆਪਣੇ ਮੁਲਾਜਮ ਦੀ ਅਤੇ ਅਤਿਵਾਦੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀਆਂ। ਵਾਹ-ਬਈ ਵਾਹ ਸਰਕਾਰੇ। ਤੇਰੇ ਵਾਰੇ ਨਿਆਰੇ। ਤਕਰੀਬਨ ਸਾਰੀਆਂ ਹੀ ਅਖਬਾਰਾਂ ਵਿਚ ਛਪਿਆ ਪ੍ਰੈਸ ਨੋਟ। ਭਜਨਾ ਅਮਲੀ ਅਖਬਾਰ ਨੂੰ ਤੂੰਬੇ ਲਾ ਕੇ ਪੜਣ ਲਗਾ। ਚੰਡੀਗੜ੍ਹ ਮੁੱਖ ਦਫਤਰ: ਪੁਲੀਸ ਦੇ ਇਕ ਪ੍ਰਮੁੱਖ ਬੁਲਾਰੇ ਨੇ ਪ੍ਰੈਸ ਨੋਟ ਰਾਹੀਂ ਸੰਕੇਤ ਦਿਤਾ ਹੈ ਕਿ ਸੀਤਾ ਰਾਮ ਥਾਣੇਦਾਰ ਆਦਮਪੁਰ ਦੋਆਬਾ ਜਿਲਾ ਜਲੰਧਰ ਨੂੰ ਅਤਿਵਾਦੀਆਂ ਨਾਲ ਸਿੱਝਣ ਅਤੇ ਨਿਡਰਤਾ ਨਾਲ ਮੁਕਾਬਲਾ ਕਰਨ ਹਿੱਤ ਪੰਜਾਬ ਸਰਕਾਰ ਵਲੋਂ ਪੁਲੀਸ ਮੈਡਲ ਨਾਲ ਸਨਮਾਨਿਆ ਜਾਵੇਗਾ। ਸ੍ਰੀ ਸੁੱਚਾ ਰਾਮ ਸਿਪਾਹੀ (ਡਰਾਈਵਰ ਜੀਪ) ਜਿਹੜਾ ਕਿ ਮੁੱਠ ਭੇੜ ਵਿਚ ਸ਼ਹੀਦ ਹੋਇਆ ਹੈ, ਉਸ ਨੂੰ ਮਰਨ ਉਪਰੰਤ ਸਨਮਾਨਤ ਕੀਤਾ ਜਾਵੇਗਾ। ਉਸ ਦੇ ਪਰਿਵਾਰ ਨੂੰ ਹੋਰ ਬਣਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਸੂਤਰਾਂ ਤੋਂ ਇਹ ਵੀ ਪਤਾ ਲਗਾ ਹੈ ਕਿ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਐਲਾਨਣ ਮਗਰੋਂ ਪੁਲੀਸ ਕਰਮਚਾਰੀਆਂ ਨੂੰ ਆਈਆਂ ਮੁਸ਼ਕਲਾਂ ਦਾ ਮੁਕਾਬਲਾ ਕਰਨ ਲਈ ਨਵੀਆਂ ਤਕਨੀਕਾਂ ਮੁਹੱਈਆ ਕੀਤੀਆਂ ਜਾਣਗੀਆਂ ਅਤੇ ਉਨ੍ਹਾਂ ਦੇ ਰੋਜਾਨਾ ਭੱਤੇ ਅਤੇ ਵਰਦੀਆਂ ਆਦਿ ਦੀ ਰਾਸ਼ੀ ਵਿਚ ਵਾਧਾ ਕੀਤਾ ਜਾਵੇਗਾ ਤਾਂ ਕਿ ਮੁਲਾਜ਼ਮਾਂ ਦਾ ਮਨੋਬਲ ਉੱਚਾ ਰੱਖਿਆ ਜਾਵੇ।

**੨੯.** ਪੁਲਿਸ ਡਰਾਇਵਰ ਸੁੱਚਾ ਰਾਮ ਦੀ ਪਤਨੀ ਦਾ ਨਾਮ ਵਿਦਿਆਵਤੀ ਹੈ। ਉਸਦਾ ਇਕ ਪੁੱਤਰ ਜੋ ਚੌਥੀ ਜਮਾਤ ਵਿੱਚ ਪੜ੍ਹਦਾ ਹੈ ਅਤੇ ਇਕ ਧੀ ਜੋ ਕਿ ਤੀਜੀ ਜਮਾਤ ਦੀ ਵਿਦਿਆਰਥਣ ਹੈ, ਕੇਵਲ ਲੋਕਾਂ ਵੱਲ ਵੇਖ ਕੇ ਰੋ ਰਹੇ ਹਨ। ਲੋਕਾਂ ਦੇ ਇਕੱਠ ਵਿੱਚ ਸਹਿਮੇ ਪਏ ਹਨ।

ਵਿਦਿਆਵਤੀ ਜਿਹੜੀ ਕਿ ਸਦਾ ਹੀ ਸੁੱਚਾ ਰਾਮ ਦੇ ਕੋਮਲ ਸੁਭਾਅ ਕਰਕੇ ਉਸਦੇ ਗੁਣ ਗਾਉਂਦੀ ਰਹਿੰਦੀ ਸੀ ਅਤੇ ਉਸਦੀ ਲੰਮੇਰੀ ਉਮਰ ਦੀਆਂ ਮੰਨਤਾਂ ਮੰਨਦੀ ਰਹਿੰਦੀ ਸੀ ਅੱਜ ਆਪਣੇ ਪਤੀ ਦੀ ਮੌਤ ਦੀ ਖਬਰ ਸੁਣਕੇ ਉਸ ਦਾ ਸੀਨਾ ਖਿਚਿਆ ਗਿਆ ਹੈ। ਅੰਬਰ ਟੁੱਟ ਪਿਆ। ਬੇਹਾਲ ਹੋਈ ਦੀ ਕੁਰਲਾਹਟ ਸੁਣਾਈ ਦੇ ਰਹੀ ਹੈ, ਜੋ ਹਰ ਸੁਨਣ ਵਾਲੇ ਨੂੰ ਗਲੇਡੂ ਭਰਨ ਤੋਂ ਰੋਕ ਨਹੀਂ ਸਕਦੀ ਅਤੇ ਆਪਣੇ ਆਪ ਅੱਖਾਂ ਸੇਜਲ ਹੁੰਦੀਆਂ ਹਨ।

**30.** ਅੰਤਮ ਅਰਦਾਸ ਦੀ ਤਿਆਰੀ। ਪੰਡਾਲ ਵਿਚ ਗੁਰੂ ਮਹਾਰਾਜ ਦੀ ਸਵਾਰੀ। ਕੋਮਲ ਸਿੰਘ ਤੇ ਭੁਪਿੰਦਰ ਸਿੰਘ ਦੇ ਸਕੇ ਸਬੰਧੀ ਆਪੋ ਆਪਣੀਆਂ ਰਸਮਾਂ ਲਈ ਇਕੱਤਰ। ਕਈ ਪਤਵੰਤੇ ਸੱਜਣ ਵੀ ਹਾਜ਼ਰੀ ਭਰ ਰਹੇ ਹਨ। ਛੋਟੇ ਰੁਤਬੇ ਦੇ ਰਾਜਨੀਤਕ ਆਗੂ ਵੀ ਮੌਕਾ ਨਹੀਂ ਗੁਆ ਰਹੇ। ਉਨ੍ਹਾਂ ਨੇ ਸਮਾਂ ਆਉਣ ਤੇ ਲੋਕਾਂ ਵਿਚ ਵਿਚਰਨਾ ਹੈ। ਸਾਬਕਾ ਐਮ. ਐਲ. ਏ. ਕੁਲਵੰਤ ਸਿੰਘ ਵੀ ਆਪਣੀ ਢਾਣੀ ਨਾਲ ਹਾਜ਼ਿਰ। ਸਾਦੇ ਕਪੜਿਆਂ ਵਿਚ ਖੁਫੀਆ ਪੁਲੀਸ ਦੇ ਮੁਲਾਜ਼ਮ ਵੀ ਕੇਸਰੀ ਤੇ ਕਾਲੀਆਂ ਪਗਾਂ ਬੰਨ ਕੇ ਬੈਠੇ। ਸਰਪੰਚ ਭੋਲਾ ਸਿੰਘ ਵੀ ਲੋਕਾਂ ਦੇ ਇਕੱਠ ਵਿਚ ਆਪਣੀ ਸ਼ਾਮੂਲੀਅਤ ਜ਼ਰੂਰੀ ਸਮਝਦਾ ਹੈ। ਪੰਚਾਂ ਦੇ ਚਿਹਰਿਆਂ ਉੱਤੇ ਉਦਾਸੀ ਹੈ। ਦੋਨਾਂ ਕਾਲਜਾਂ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਵੀ ਹਾਜਰ ਹਨ। ਰਾਮ ਸਿੰਘ ਦੇ ਆਂਢੀਆਂ ਗੁਆਂਢੀਆਂ ਨੇ ਆਉਣ ਵਾਲੇ ਰਿਸ਼ਤੇਦਾਰ ਅਤੇ ਸੰਬੰਧੀਆਂ ਲਈ ਚਾਹ ਪਾਣੀ ਦਾ ਇੰਤਜਾਮ ਕੀਤਾ। ਨਾਲ ਹੀ ਸਧਾਰਨ ਤੌਰ ਤੇ ਬਣਾਇਆ ਲੰਗਰ ਵਰਤਾਉਣ ਦਾ ਉਪਰਾਲਾ ਵੀ ਕਰ ਲਿਆ। ਇਕ ਸੋਗਮਈ ਵਾਤਾਵਰਣ ਵਿਚ ਆਨੰਦਮਈ ਧੁੰਨ ਵਜ ਰਹੀ ਸੀ।

**(ੳ) ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**

ਭੋਗ ਪਏ। ਅਰਦਾਸ ਹੋਈ। ਹੁਕਮਨਾਵੇ ਦਾ ਵਾਕ ਆਇਆ :

(ਅ) ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ॥

ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ॥

ਸੋਗੀ ਪਰਵਾਰਾਂ ਦੀਆਂ ਭਾਵਨਾਵਾਂ ਅਤੇ ਅੰਦਾਜੇ ਤੋਂ ਵੱਧ ਇਕੱਠ ਹੋਇਆ। ਜਿਥੇ ਪ੍ਰਬੰਧਕਾਂ ਦੇ ਚਿਹਰਿਆਂ ਤੇ ਉਦਾਸੀ ਸਾਫ ਦਿਸਦੀ ਸੀ ਉਥੇ ਪੰਡਾਲ ਵਿਚ ਹਾਜ਼ਰ ਵਿਅਕਤੀਆਂ ਦੀ ਗਿਣਤੀ ਦੇਖ ਕੇ ਨੌਜੁਆਨਾਂ ਦਾ ਅੱਛਾ ਪ੍ਰਭਾਵ ਸਾਫ ਜ਼ਾਹਿਰ ਕਰਦਾ ਸੀ ਕਿ ਦਾਲ ਵਿਚ ਕੁਝ ਕਾਲਾ ਜਰੂਰ ਹੈ। ਉਧਰ ਸੰਗਤ ਦੀ ਹਾਜ਼ਰੀ ਭਰਦੇ ਹੋਏ ਸੰਤ ਚੰਨਣ ਸਿੰਘ ਵਾਕ ਲੈਣ ਤੋਂ ਬਾਅਦ ਬੜੇ ਹਲੀਮੀ ਭਰੇ ਲਹਿਜੇ ਵਿਚ ਬੋਲੇ ਕਿ ਚੰਗਿਆਈ ਬਹੁਤ ਘਟ ਅਤੇ ਥੋੜੀ ਹੁੰਦੀ ਹੈ। ਬੁਰਾਈ ਦੀਆਂ ਪੰਡਾਂ ਬਣਦੀਆਂ ਹਨ। ਉਹ ਅਤਿਵਾਦੀ ਲੋਕਾਂ ਦੀਆਂ ਦਾਜ ਮਾਰੀਆਂ ਧੀਆਂ ਵਸਾਉਂਦੇ ਹਨ। ਉਹਨਾਂ ਅਤਿਵਾਦੀਆਂ ਨੇ ਛੁੱਟੜ ਕੁੜੀਆਂ ਘਰੀਂ ਤੋਰੀਆਂ ਅਤੇ ਗਰੀਬ ਗੁਰਬਿਆਂ ਦੇ ਬੱਚਿਆਂ ਦੇ ਵਿਆਹ ਕਰਵਾਏ। ਲੋਕਾਂ ਦੇ ਕਈ-ਕਈ ਵਿਗੜੇ ਕੰਮ ਸਵਾਰਦੇ, ਲੋਕਾਂ ਦਾ ਭਲਾ ਕਰਦੇ ਅਤੇ ਮੰਗਦੇ। ਸਰਕਾਰ ਦੇ ਜ਼ਾਲਮ ਹੱਥਾਂ ਤੋਂ ਲੁਕਦੇ, ਕੋਈ ਰਾਤ ਕਿਤੇ - ਕੋਈ ਰਾਤ ਕਿਤੇ। ਹੱਥਾਂ ਵਿੱਚ ਪੋਥੀ, ਬੇਅਰਾਮ ਅੱਖਾਂ, ਪੈਰਾਂ ਵਿੱਚ ਛਾਲੇ। ਸਭ ਕੁਝ ਬੱਬਰਾਂ ਵਾਂਗ ਹੀ ਸਰਕਾਰੀ ਵਹਿਸ਼ੀਪੁਣੇ ਦਾ ਸ਼ਿਕਾਰ ਬਣਦੇ ਵੇਖੇ ਜਾ ਰਹੇ ਹਨ। ਉਹ ਨੌਜਵਾਨਾਂ ਦੇ ਨਾਲ ਹੋਏ ਸੰਪਰਕ ਦੀਆਂ ਗੱਲਾਂ ਕਰ ਰਹੇ ਸੀ ਕਿ ਕਤਾਰ ਵਿਚੋਂ ਮੱਥਾ ਟੇਕ ਕੇ ਦੋ ਨੌਜਵਾਨ ਜਿਹਨਾਂ ਚੋਂ ਇਕ ਨੇ ਕੇਸਰੀ ਪਟਕਾ ਅਤੇ ਦੂਜੇ ਕਾਲੀ ਪੱਗ ਬੰਨੀ ਹੋਈ ਸੀ, ਸੰਤਾਂ ਦੇ ਲਾਗੇ ਆਏ ਅਤੇ ਇਕ ਰੁਕਾ ਸੰਤਾਂ ਦੇ ਹੱਥ ਫੜਾਕੇ ਚਲੇ ਗਏ। ਹਾਲੇ ਸੰਤਾਂ ਦੀ ਤਕਰੀਰ ਚਾਲੂ ਸੀ ਕਿ ਪੁਲੀਸ ਦੇ ਕਮਾਂਡੋਆਂ ਦੇ ਦੋ ਟਰੱਕਾਂ ਨੇ ਡੀ.ਐਸ.ਪੀ. ਜਲੰਧਰ ਦੀ ਅਗਵਾਈ ਵਿਚ ਉੱਥੇ ਆਣ ਘੇਰਾ ਘੱਤਿਆ। ਇੰਨੇ ਨੂੰ ਸੰਤਾਂ ਨੇ ਆਪਣਾ ਭਾਸ਼ਣ ਖਤਮ ਕਰਨਾ ਚਾਹਿਆ ਅਤੇ ਰੁੱਕਾ ਖੋਲਿਆ ਜਿਸ ਵਿਚ ਲਿਖਿਆ ਹੋਈਆ ਸੀ :



www.punjabilibrary.com 

ੴ

## ਗੁਰ ਫਤਹਿ ਪਰਵਾਨ ਹੋਵੇ।

ਗੁਰੂ ਪਿਆਰੀ ਸਾਧ ਸੰਗਤ ਜੀਓ। ਅਸੀਂ ਇਸ ਸੋਗਮਈ ਵਾਤਾਵਰਣ ਵਿਚ ਪ੍ਰਣ ਕਰਦੇ ਹਾਂ ਕਿ ਸਾਡੇ ਵੀਰ ਸ਼ਹੀਦ ਕੋਮਲ ਸਿੰਘ ਅਤੇ ਭੁਪਿੰਦਰ ਸਿੰਘ ਦੀ ਮੌਤ ਦਾ ਬਦਲਾ ਦੋਸ਼ੀਆਂ ਨੂੰ ਦੰਡ ਦੇ ਕੇ ਲਿਆ ਜਾਵੇਗਾ। ਸਿਪਾਹੀ ਸੁੱਚਾ ਰਾਮ ਦੀ ਮੌਤ ਦਾ ਵੀ ਸਾਨੂੰ ਅਫਸੋਸ ਹੈ ਜੋ ਵੀ ਨਿਹੱਕ ਮਰਿਆ। ਜਦ ਤਕ ਸ਼ਹੀਦਾਂ ਦੀ ਮੌਤ ਦਾ ਬਦਲਾ ਨਹੀਂ ਲੈ ਸਕਦੇ, ਟਿੱਕ ਕੇ ਨਹੀਂ ਬੈਠਾਂਗੇ।

**ਗੁਰੂ ਸੰਗਤ ਦੇ ਦਾਸ**

**ਫਤਹਿ ਜੰਗ ਦਲ**

ਸੰਤਾਂ ਨੇ ਰੁੱਕਾ ਪੜ੍ਹਕੇ ਸੁਣਾ ਦਿਤਾ। ਰੁੱਕਾ ਪੜਣ ਤੋਂ ਬਾਅਦ ਸੰਤਾਂ ਨੇ ਮੁੜ ਦੁਹਰਾ ਦਿਤਾ ਕਿ ਸਵਾਲ ਦਾ ਜਵਾਬ ਦਿਸਣ ਲਗ ਪਿਆ ਹੈ ਕਿ ਅਤਿਵਾਦੀ ਕੌਣ ਹਨ? ਕਿਥੇ ਰਹਿੰਦੇ ਹਨ? ਕੀ ਕਰਦੇ ਹਨ? ਕੀ ਖਾਂਦੇ ਹਨ ਅਤੇ ਕਿਵੇਂ ਜੀਵਨ ਜੀਂਵਦੇ ਹਨ?

**ਕਰਤਾ ਤੂ ਸਬਨਾ ਕਾ ਸੋਈ ॥**

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।**

****

Read more like this at

www.punjabilibrary.com